# ਹੀਰ ਫ਼ਰਹਤ ਸ਼ਾਹ

# ہیر فرحت شاہ

فرحت عباس شاہ

ਫ਼ਰਹਤ ਅੱਬਾਸ ਸ਼ਾਹ



# ہیر فرحت شاہ

# ਹੀਰ ਫ਼ਰਹਤ ਸ਼ਾਹ

فرحت عباس شاہ

ਫ਼ਰਹਤ ਅੱਬਾਸ ਸ਼ਾਹ

Composing

print line

حضرت وارث شاہ

تے

بابا گرونانک

ہوراں دے ناں

ਹਜ਼ਰਤ ਵਾਰਿਸ ਸ਼ਾਹ

ਤੇ

ਬਾਬਾ ਗੁਰੂ ਨਾਨਕ

ਹੋਰਾਂ ਦੇ ਨਾਂ

Empty

Publisher note

پڑھ بسم اللہ شروع ہیر کراں، لکھ لکھ کے رکھاں چھاں تے
اِنج بول سکھایا ماں مینوں، جیوں نقش بنیندن ہانہہ تے
جِس اکھر پاک سِکھایا ہم قُربان ونجاں اُس ماں تے
مَیں جِینا مرنائے فرحت ساہ، ہُن ماں بولی دے ناں تے

ਪੜ੍ਹ ਬਿਸਮਿੱਲ੍ਹਾ ਸ਼ੁਰੂ ਹੀਰ ਕਰਾਂ, ਲਿਖ ਲਿਖ ਕੇ ਰੱਖਾਂ ਛਾਂ ਤੇ
ਇੰਜ ਬੋਲ ਸਿਖਾਇਆ ਮਾਂ ਮੈਨੂੰ, ਜਿਉਂ ਨਕਸ਼ ਬਣੀ ਦਿਨ ਹਾਂਹ ਤੇ
ਜਿਸ ਅੱਖਰ ਪਾਕ ਸਿਖਾਇਆ ਹਮ ਕੁਰਬਾਨ ਵੰਜਾ ਉਸ ਮਾਂ ਤੇ
ਮੈਂ ਜੀਣਾ ਮਰਨਾਏ ਫ਼ਰਹਤ ਸ਼ਾਹ, ਹੁਣ ਮਾਂ ਬੋਲੀ ਦੇ ਨਾਂ ਤੇ

پہلے حمد خدا کر دس دیئے، اسیں کون تے ساڈا رسول کون اے
کیہ لگدے نیں مولا علی ساڈے، ساڈی سئین تے اماں بتول کون اے
سانوں مولا حسین دی قسم ہووے، کربل توں سوہنا اصول کون اے
جھوٹھے سچے دی ایہا سنجان کافی، خُش کون تے ویکھ ملول کون اے

ਪਹਿਲੇ ਹਮਦ ਖ਼ੁਦਾ ਕਰ ਦੱਸ ਦਈਏ, ਅਸੀਂ ਕੌਣ ਤੇ ਸਾਡਾ ਰਸੂਲ ਕੌਣ ਏ
ਕੀ ਲਗਦੇ ਨੇਂ ਮੌਲਾ ਅਲੀ ਸਾਡੇ, ਸਾਡੀ ਸੈਅਣ ਤੇ ਅੰਮਾਂ ਬਤੂਲ ਕੌਣ ਏ
ਸਾਨੂੰ ਮੌਲਾ ਹੁਸੈਨ ਦੀ ਕਸਮ ਹੋਵੇ, ਕਰਬਲ ਤੋਂ ਸੋਹਣਾ ਅਸੂਲ ਕੌਣ ਏ
ਝੂਠੇ ਸੱਚੇ ਦੀ ਏਹਾ ਸੁੰਜਾਣ ਕਾਫ਼ੀ, ਖ਼ੁਸ਼ ਕੌਣ ਤੇ ਵੇਖ ਮਲੂਲ ਕੌਣ ਏ

بھلو بھلی دی دُنیا دے طور لِکھاں، وچوں ویکھاں جے کھول تے ککھ کوئی نہ
کوئی پھکا تے کوئی اخیر کئوڑا، چنگا راہناں جے ہئی، تے چکھ کوئی نہ
بھاویں دُکھاں دے آون ہنیر تیتھے، کدی ہو ویں توں سجناں توں وکھ کوئی نہ
لوڑاں اللہ پجُئیندائی شاہ میاں، ونڈی آ تے سانبھ کے رکھ کوئی نہ

ਭਲੋ ਭਲੀ ਦੀ ਦੁਨੀਆ ਦੇ ਤੌਰ ਲੱਖਾਂ, ਵਿਚੋਂ ਵੇਖਾਂ ਜੇ ਖੋਲ ਤੇ ਕੱਖ ਕੋਈ ਨਾ
ਕੋਈ ਫਿੱਕਾ ਤੇ ਕੋਈ ਅਖ਼ੀਰ ਕੌੜਾ, ਚੰਗਾ ਰਾਹਣਾਂ ਜੇ ਹਈ, ਤੇ ਚੱਖ ਕੋਈ ਨਾ
ਭਾਵੇਂ ਦੁੱਖਾਂ ਦੇ ਆਉਣ ਹਨੇਰ ਤਿਥੇ, ਕਦੀ ਹੋਵੀਂ ਤੋਂ ਸੱਜਣਾਂ ਤੂੰ ਵੱਖ ਕੋਈ ਨਾ
ਲੋੜਾਂ ਅੱਲ੍ਹਾ ਪੁਜੇਂਦਾ ਈ ਸ਼ਾਹ ਮੀਆਂ, ਵੰਡੀ ਆ ਤੇ ਸਾਂਭ ਰੱਖ ਕੋਈ ਨਾ

1

ہیر آکھیا جوگیا سچ آکھیں کِنا عشق ضروری رہ گیا اے
کدیں من مرضی کجھ ہووندا سی جہدا ناں مجبوری رہ گیا اے
اُہوو مجنوں سوکھڑا نظر آیا جیہڑا کھاوندا چوری رہ گیا اے
جِتھے حِرصاں انھّیاں کر مارن اُتھے کیہڑا نُوری رہ گیا اے

ਹੀਰ ਆਖਿਆ ਜੋਗੀਆ ਸੱਚ ਆਖੀਂ ਕਿੰਨਾ ਇਸ਼ਕ ਜ਼ਰੂਰੀ ਰਹਿ ਗਿਆ ਏ
ਕਦੀਂ ਮਨ ਮਰਜ਼ੀ ਕੁੱਝ ਹੋਵੰਦਾ ਸੀ ਜਿਹਦਾ ਨਾਂ ਮਜਬੂਰੀ ਰਹਿ ਗਿਆ ਏ
ਉਹੋ ਮਜਨੂੰ ਸੌਖੜ੍ਹਾ ਨਜ਼ਰ ਆਇਆ ਜਿਹੜਾ ਖਾਵੰਦਾ ਚੂਰੀ ਰਹਿ ਗਿਆ ਏ
ਜਿਥੇ ਹਿਰਸਾਂ ਅੱਨ੍ਹਿਆਂ ਕਰ ਮਾਰਨ, ਉਥੇ ਕਿਹੜਾ ਨੂਰੀ ਰਹਿ ਗਿਆ ਏ

2

سچ آکھیں ذال، زمیں اُتے سُنّے جنگل تے بیلے رہ گئے نی
جِتھے ڈاکو لُک گئے پُلس کولوں جتھے صرف بگھیلے رہ گئے نی
ساتھوں میلے کھوہ لے ظالماں نے ساڈے کان جھمیلے رہ گئے نی
جِنھاں یاریاں توڑ نبھائیاں سن، اج آپ اکیلے رہ گئے نی

ਸੱਚ ਆਖੀਂ ਜ਼ਾਲ, ਜ਼ਿਮੀਂ ਉਤੇ ਸੁੱਨੇ ਜੰਗਲ਼ ਤੇ ਬੇਲੇ ਰਹਿ ਗਏ ਨੀ
ਜਿਥੇ ਡਾਕੂ ਲੁੱਕ ਗਏ ਪੁਲਿਸ ਕੋਲੋਂ, ਜਿਥੇ ਸਿਰਫ਼ ਬਘੇਲੇ ਰਹਿ ਗਏ ਨੀ
ਸਾਥੋਂ ਮੇਲੇ ਖੋਹ ਲਏ ਜ਼ਾਲਮਾਂ ਨੇ, ਸਾਡੇ ਕਾਣ ਝਮੇਲੇ ਰਹਿ ਗਏ ਨੀ
ਜਿਨ੍ਹਾਂ ਯਾਰੀਆਂ ਤੋੜ ਨਿਭਾਈਆਂ ਸਨ, ਅੱਜ ਆਪ ਅਕੇਲੇ ਰਹਿ ਗਏ ਨੀ

3

بے حسی، دروغ، فروغ پایا ایتھے گُنگ تے انّھ مزاج بن گئے
چور چتر چلاک عظیم ہوئے، اُتوں ول فریب رواج بن گئے
صُوفی، مُلّاں، سنیاسی دا فرق مِٹیا، داء، دم، درود علاج بن گئے
ٹوٹے ہوئے سلُوک ملُوک سارے اُتے تلے ہزار سماج بن گئے

ਬੇ ਹਿੱਸੀ, ਦਰੋਗ਼, ਫ਼ਰੋਗ਼ ਪਾਇਆ, ਉਥੇ ਗੁੰਗ ਤੇ ਅਨੱਹ ਮਿਜ਼ਾਜ਼ ਬਣ ਗਏ
ਚੋਰ ਚਤਰ ਚਲਾਕ ਅਜ਼ੀਮ ਹੋਏ, ਉਤੋਂ ਵੱਲ ਫ਼ਰੇਬ ਰਿਵਾਜ ਬਣ ਗਏ
ਸੂਫ਼ੀ, ਮਿੱਲਾਂ, ਸਨਿਆਸੀ ਦਾ ਫ਼ਰਕ ਮਿਟਿਆ, ਦਾਅ, ਦਮ, ਦਰੂਦ ਇਲਾਜ ਬਣ ਗਏ
ਟੋਟੇ ਹੋਏ ਸਲੂਕ ਮਲੂਕ ਸਾਰੇ, ਓੱਤੇ ਤਲ਼ੇ ਹਜ਼ਾਰ ਸਮਾਜ ਬਣ ਗਏ

4

ہیر آکھیا جوگیا سچ بولِیں، کُوڑ فتح تے سچ شکست ہوئے
کِویں لوکاں نوں رکھ غلام کیتا، سو سالاں دے آ بندوبست ہوئے
لڑ، لڑ، لڑائیاں ہنھیر یاں وچ ہوندے ہوندیاں ای حوصلے پست ہوئے
لگ پیٔے کائی چرس مُکاونے نُوں، کئی پی شراباں نوں مست ہوئے

ਹੀਰ ਆਖਿਆ ਜੋਗੀਆ ਸੱਚ ਬੋਲੇਂ, ਕੂੜ ਫ਼ਤਿਹ ਤੇ ਸੱਚ ਸ਼ਿਕਸਤ ਹੋਏ
ਕਿਵੇਂ ਲੋਕਾਂ ਨੂੰ ਰੱਖ ਗ਼ੁਲਾਮ ਕੀਤਾ, ਸੌ ਸਾਲਾਂ ਦੇ ਆ ਬੰਦੋਬਸਤ ਹੋਏ
ਲੜ, ਲੜ, ਲੜਾਈਆਂ ਹਨ੍ਹੇਰੀਆਂ ਵਿਚ ਹੁੰਦੇ ਹੁੰਦਿਆਂ ਈ ਹੌਸਲੇ ਪਸਤ ਹੋਏ
ਲੱਗ ਪਏ ਕਾਈ ਚਰਸ ਮੁਕਾਵਣ ਨੂੰ, ਕਈ ਪੀ ਸ਼ਰਾਬਾਂ ਨੂੰ ਮਸਤ ਹੋਏ

5

شور شرم شریر شرارتی دا، شوق شک شکوک دی نذر ہویا
جِند، جِنس دا ڈونگھ نہ رہ سکیا اُتوں ٹھک شکوک دی نذر ہویا
کدیں اَکھ دی چوری پھڑِیجدی اے کدیں نکّ شکوک دی نذر ہویا
دل بھیرڑے راز نہ راز رکھے، بک بک شکوک دی نذر ہویا

ਸ਼ੋਰ ਸ਼ਰਮ ਸ਼ਰੀਰ ਸ਼ਰਾਰਤੀ ਦਾ, ਸ਼ੌਕ ਸ਼ੱਕ ਸ਼ਕੂਕ ਦੀ ਨਜ਼ਰ ਹੋਇਆ
ਜਿੰਦ, ਜਿੰਸ ਦਾ ਡੂੰਘ ਨਾ ਰਹਿ ਸਕਿਆ ਉਤੋਂ ਠੁਕ ਸ਼ਕੂਕ ਦੀ ਨਜ਼ਰ ਹੋਇਆ
ਕਦੀਂ ਅੱਖ ਦੀ ਚੋਰੀ ਫੜੀਜਦੀ ਏ ਕਦੀਂ ਨੱਕ ਸ਼ਕੂਕ ਦੀ ਨਜ਼ਰ ਹੋਇਆ
ਦਿਲ ਭੈਰੜੇ ਰਾਜ਼ ਨਾ ਰਾਜ਼ ਰੱਖੇ, ਬੱਕ ਬੱਕ ਸ਼ਕੂਕ ਦੀ ਨਜ਼ਰ ਹੋਇਆ

6

صُوفی صوف چوں نکل کے آن وڑدے، وچ ریشمی لاچیاں چُغیاں دے
کھاندے مکھن ملائی وی دیگڑی وچ، لیندے مزے بٹیریاں مرغیاں دے
ہون پیسے تے پِیر دے موڈھیاں نل، جے نہ ہون تاں گُھچھڑ دروغیاں دے
آ جان شکنجے دے عین پھسی معصوم جِویں کوئی کرغیاں دے

ਸੂਫ਼ੀ ਸੌਫ਼ ਚੋਂ ਨਿਕਲ ਕੇ ਆਨ ਵੜਦੇ, ਵਿਚ ਰੇਸ਼ਮੀ ਲਾਚੀਆਂ ਚੁਗ਼ੀਆਂ ਦੇ
ਖਾਂਦੇ ਮੱਖਣ ਮਲ਼ਾਈ ਵੀ ਦੀਗੜੀ ਵਿਚ, ਲੈਂਦੇ ਮਜ਼ੇ ਬਟੇਰਿਆਂ ਮੁਰਗ਼ੀਆਂ ਦੇ
ਹੋਣ ਪੈਸੇ ਤੇ ਪੀਰ ਦੇ ਮੋਢਿਆਂ ਨਲ਼, ਜੇ ਨਾ ਹੋਣ ਤਾਂ ਕੁੱਛੜ ਦਰੌਗ਼ੀਆਂ ਦੇ
ਆ ਜਾਨ ਸ਼ਿਕੰਜੇ ਦੇ ਐਨ ਫਸੀ ਮਾਸੂਮ ਜਿਵੇਂ ਕੋਈ ਕਰਗ਼ੀਆਂ ਦੇ

7

میم مُلاں پجیرو تے چڑھ بیٹھا، نال رکھے سُو بوری چا بم کالے
کھِیسے بھرے سُو پونڈاں تے ڈالراں نل، کِنے ویکھ چا ہوئے سُو کرم کالے
شہراں وچ گواہیاں دا قحط پیا، بھاویں چیکدے لاشاں دے چم کالے
آپو وچ نیں رلے نواب سارے کیتی جاندے نیں کماں دے کم کالے

ਮੀਮ ਮੁੱਲਾਂ ਪਜੈਰੋ ਤੇ ਚੜ੍ਹ ਬੈਠਾ, ਨਾਲ਼ ਰੱਖੇ ਸੂ ਬੋਰੀ ਚਾ ਬਮ ਕਾਲੇ
ਖੀਸੇ ਭਰੇ ਸੁ ਪੌਂਡਾਂ ਤੇ ਡਾਲਰਾਂ ਨਲ਼, ਕਿੰਨੇ ਵੇਖ ਚਾ ਹੋਏ ਸੁ ਕਰਮ ਕਾਲੇ
ਸ਼ਹਿਰਾਂ ਵਿਚ ਗਵਾਹੀਆਂ ਦਾ ਕਹਿਤ ਪਿਆ, ਭਾਵੇਂ ਚੀਕਦੇ ਲਾਸ਼ਾਂ ਦੇ ਚੰਮ ਕਾਲੇ
ਆਪੋ ਵਿਚ ਨੇਂ ਰਲੇ ਨਵਾਬ ਸਾਰੇ, ਕੀਤੀ ਜਾਂਦੇ ਨੇਂ ਕੰਮਾਂ ਦੇ ਕੰਮ ਕਾਲੇ

8

ہیر آکھیا جوگیا سچ آکِھیں، کِنا جُھوٹھ تے کِنا اے سچ ایتھے
اَگّاں لگدیاں گھراں نوں روز یارا، بُجھے ہوئے پریتاں دے مچ ایتھے
پِڑاں منگدیاں چیکاں وی کول ہوون، چھالے پیراں دے منگدے نی کچ ایتھے
وڈے وڈے دناواں دی سُوڈھ کیتی، وچوں لبھے نیں کھچاں دے کھچ ایتھے

ਹੀਰ ਆਖਿਆ ਜੋਗੀਆ ਸੱਚ ਆਖੀਂ, ਕਿੰਨਾ ਝੂਠ ਤੇ ਕਿੰਨਾ ਏ ਸੱਚ ਇਥੇ
ਅੱਗਾਂ ਲੱਗਦੀਆਂ ਘਰਾਂ ਨੂੰ ਰੋਜ਼ ਯਾਰਾ, ਬੁਝੇ ਹੋਏ ਪ੍ਰੀਤਾਂ ਦੇ ਸੱਚ ਇਥੇ
ਪੀੜਾਂ ਮੰਗਦੀਆਂ ਚੀਕਾਂ ਵੀ ਕੋਲ਼ ਹੋਵਣ, ਛਾਲੇ ਪੈਰਾਂ ਦੇ ਮੰਗਦੇ ਨੀ ਕੱਚ ਇਥੇ
ਵੱਡੇ ਵੱਡੇ ਦਨਾਵਾਂ ਦੀ ਸੂਢ ਕੀਤੀ, ਵਿਚੋਂ ਲੱਭੇ ਨੇਂ ਖਿੱਚਾਂ ਦੇ ਖਿੱਚ ਇਥੇ

9

موئے مکّے دے ہون بلند درجے جیندے لوکاں دے ٹیم تبدیل ہوئے
پرت آئے نہ ویلے جو لنگھ چُکے، نہ تے خضر ہوئے نہ خلیل ہوئے
لُٹے گئے نیں دِلاں دے شاہ لکھاں، مارے گئے نیں جہڑے اصیل ہوئے
جہڑے کسے دے لارے تے رہے اٹکے، فرحت شاہ اوہ رجّ ذلیل ہوئے

ਮੋਏ ਮੱਕੇ ਦੇ ਹੋਣ ਬੁਲੰਦ ਦਰਜੇ ਜੀਂਦੇ ਲੋਕਾਂ ਦੇ ਟੈਮ ਤਬਦੀਲ ਹੋਏ
ਪਰਤ ਆਏ ਨਾ ਵੇਲੇ ਜੋ ਲੰਘ ਚੁੱਕੇ, ਨਾ ਤੇ ਖ਼ਿਜ਼ਰ ਹੋਏ ਨਾ ਖ਼ਲੀਲ ਹੋਏ
ਲੁੱਟੇ ਗਏ ਨੇਂ ਦਿਲਾਂ ਦੇ ਸ਼ਾਹ ਲੱਖਾਂ, ਮਾਰੇ ਗਏ ਨੇਂ ਜਿਹੜੇ ਅਸੀਲ ਹੋਏ
ਜਿਹੜੇ ਕਿਸੇ ਦੇ ਲਾਰੇ ਤੇ ਰਹੇ ਅਟਕੇ, ਫ਼ਰਹਤ ਸ਼ਾਹ ਓਹ ਰੱਜ ਜ਼ਲੀਲ ਹੋਏ

10

ویلا ویری وصال دے موسماں دا، اُتوں رَل گیا نال شریکڑاں دے
یاد رہی نہ شکل پیاریاں دی، پایا بھار خیال شریکڑاں دے
بھُکھ مرے بچُونگ مسکین ساڈے، رج تھکّن نہ بال شریکڑاں دے
فرحت شاہ ایہ دور اے دولتاں دا، دن، ہفتے، تے سال شریکڑاں دے

ਵੇਲ਼ਾ ਵੈਰੀ ਵਿਸਾਲ ਦੇ ਮੌਸਮਾਂ ਦਾ, ਉਤੋਂ ਰਲ ਗਿਆ ਨਾਲ਼ ਸ਼ਰੀਕੜਾਂ ਦੇ
ਯਾਦ ਰਹੀ ਨਾ ਸ਼ਕਲ ਪਿਆਰਿਆਂ ਦੀ, ਪਾਇਆ ਭਾਰ ਖ਼ਿਆਲ ਸ਼ਰੀਕੜਾਂ ਦੇ
ਭੁੱਖ ਮਰੇ ਬਚੂਨਗ ਮਸਕੀਨ ਸਾਡੇ, ਰੱਜ ਥੱਕਣ ਨਾ ਬਾਲ ਸ਼ਰੀਕੜਾਂ ਦੇ
ਫ਼ਰਹਤ ਸ਼ਾਹ ਇਹ ਦੌਰ ਏ ਦੌਲਤਾਂ ਦਾ, ਦਿਨ, ਹਫ਼ਤੇ, ਤੇ ਸਾਲ ਸ਼ਰੀਕੜਾਂ ਦੇ

## 11

دال ڈُکے ادیب شدیب ہو ئے، شین شوہدیاں شعراں دا شور پایا
پاگل ہوئے نیں شہُرتاں تمغیاں نُوں، وِچوں وڈے توں وڈا اے چور پایا
اُتوں لوکاں نوں کرن نصیحت چنگی، وچوں ویکھاں تاں چنگ دے کھور پایا
فرحت شاہ نے ایہناں منافقاں نو ں، باہروں ہور تے اندروں ہور پایا

ਦਾਲ਼ ਦੁੱਕੇ ਅਦੀਬ ਸ਼ਦੀਬ ਹੋਏ, ਸ਼ੀਨ ਸ਼ੁਹਦਿਆਂ ਸ਼ਿਅਰਾਂ ਦਾ ਸ਼ੋਰ ਪਾਇਆ
ਪਾਗਲ ਹੋਏ ਨੇਂ ਸ਼ਹਿਰ ਤਾਂ ਤਮਗ਼ਿਆਂ ਨੂੰ, ਵਿਚੋਂ ਵੱਡੇ ਤੋਂ ਵੱਡਾ ਏ ਚੋਰ ਪਾਇਆ
ਉਤੋਂ ਲੋਕਾਂ ਨੂੰ ਕਰਨ ਨਸੀਹਤ ਚੰਗੀ, ਵਿਚੋਂ ਵੇਖਾਂ ਤਾਂ ਚਿਣਗ ਦੇ ਖੋਰ ਪਾਇਆ
ਫ਼ਰਹਤ ਸ਼ਾਹ ਨੇ ਇਨ੍ਹਾਂ ਮੁਨਾਫ਼ਿਕਾਂ ਨੂੰ, ਬਾਹਰੋਂ ਹੋਰ ਤੇ ਅੰਦਰੋਂ ਹੋਰ ਪਾਇਆ

12

ہیر آکھیا جوگیا سچ دسیں، کس دی سُنیے تے کس دی نہ سُنیے
دانشوراں دا لنڈا بزار لگیا، نال اسیں وی تانی پئے تُنیے
پھٹ لان خیال دے سینیاں وچ، کرن ٹوٹڑے تے اسیں پئے چُنیے
سانوں وِچ پراتاں دے ریت دیون، آٹا سمجھ سبھا دا پئے گُنھیے

ਹੀਰ ਆਖਿਆ ਜੋਗੀਆ ਸੱਚ ਦੱਸੀਂ, ਕਿਸ ਦੀ ਸੁਣੀਏ ਤੇ ਕੇਸ ਦੀ ਨਾ ਸੁਣੀਏ
ਦਾਨਿਸ਼ਵਰਾਂ ਦਾ ਲੰਡਾ ਬਜ਼ਾਰ ਲੱਗਿਆ, ਨਾਲ਼ ਅਸੀਂ ਵੀ ਤਾਨਣੀ ਪਏ ਤੁਣੀਏ
ਫੁੱਟ ਲਾਨ ਖ਼ਿਆਲ ਦੇ ਸੀਨਿਆਂ ਵਿਚ, ਕਰਨ ਟੋਟੜੇ ਤੇ ਅਸੀਂ ਪਏ ਚੁਣੀਏ
ਸਾਨੂੰ ਵਿਚ ਪਰਾਤਾਂ ਦੇ ਰੇਤ ਦੇਵਨ, ਆਟਾ ਸਮਝ ਸਭਾ ਦਾ ਪਏ ਗੁੱਨ੍ਹੀਏ

13

ہیر پُچھدی جوگیا سچ دسِیں ساڈے حاکم اندروں غلام تے نہیں
جہڑے عام نیں بندے وی ہین کہ نہیں جہڑے خاص نیں کدھرے عوام تے نہیں
کِتے دھوکھے تے دھوکھا تاں نہیں سارا، سچی دس کھاں کم تمام تے نہیں
جہڑی صبح سویر دی آس تے آں، ساڈی آس امید دی شام تے نہیں

ਹੀਰ ਪੁੱਛਦੀ ਜੋਗੀਆ ਸੱਚ ਦੱਸੀਂ ਸਾਡੇ ਹਾਕਮ ਅੰਦਰੋਂ ਗ਼ੁਲਾਮ ਤੇ ਨਹੀਂ
ਜਿਹੜੇ ਆਮ ਨੇਂ ਬੰਦੇ ਵੀ ਹਨ ਕਿ ਨਹੀਂ ਜਿਹੜੇ ਖ਼ਾਸ ਨੇਂ ਕਿਧਰੇ ਅਵਾਮ ਤੇ ਨਹੀਂ
ਕਿਤੇ ਧੋਖੇ ਤੇ ਧੋਖਾ ਤਾਂ ਨਹੀਂ ਸਾਰਾ, ਸੱਚੀ ਦੱਸ ਖਾਂ ਕੰਮ ਤਮਾਮ ਤੇ ਨਹੀਂ
ਜਿਹੜੀ ਸੁਬ੍ਹਾ ਸਵੇਰ ਦੀ ਆਸ ਤੇ ਆਂ, ਸਾਡੀ ਆਸ ਉਮੀਦ ਦੀ ਸ਼ਾਮ ਨਹੀਂ

## 14

لام لعنتی کردا نصیحت مینوں، پُچھے زندگی کیویں گزارنی اے
رج کھادے دے ٹیٹن نوں عقل آکھے، نالے آکھے توں چوَلاں پئی مارنی اے
آکھے دنیا دی دال نوں گال ہیرے، راہندی تاں جے دُنیا نوں چارنی اے
لے چُوک چلاکی دا مُل ہیرے، بھاویں جِتنی اے بھاویں ہارنی اے

ਲਾਮ ਲਾਹਨਤੀ ਕਰਦਾ ਨਸੀਹਤ ਮੈਨੂੰ, ਪਿੱਛੇ ਜ਼ਿੰਦਗੀ ਕਿਵੇਂ ਗੁਜ਼ਾਰਨੀ ਏ
ਰੱਜ ਖਾਦੇ ਦੇ ਟੀਟਣ ਨੂੰ ਅਕਲ ਆਖੇ, ਨਾਲੇ ਆਖੇ ਤੂੰ ਚਵਲਾਂ ਪਈ ਮਾਰਨੀ ਏ
ਆਖੇ ਦੁਨੀਆ ਦੀ ਦਾਲ਼ ਨੂੰ ਗਾਲ਼ ਹੀਰੇ, ਰਾਂਹਦੀ ਤਾਂ ਜੇ ਦੁਨੀਆ ਚਾਰਨੀ ਏ
ਲੈ ਚੂਕ ਚਲਾਕੀ ਦਾ ਮੁੱਲ ਹੀਰੇ, ਭਾਵੇਂ ਜਿੱਤਣੀ ਏ ਭਾਵੇਂ ਹਾਰਨੀ ਏ

15

ہیر آکھیا جوگیا بول بھیڑا، قلمکار کیوں قلم فروش ہویا
سچ سوچیاں سوچ نہ پئے پلے، عقل گئی تے بندہ بے ہوش ہویا
کوئی پرکھ پڑچول دا ہوئے لومبڑ، کوئی ماڑا مشوم خرگوش ہویا
جتھے میڈیا موت مزید ہووے، اوتھے ہیر دا دس کیہ دوش ہویا

ਹੀਰ ਆਖਿਆ ਜੋਗੀਆ ਬੋਲ ਭੈੜਾ, ਕਲਮਕਾਰ ਕਿਉਂ ਕਲਮ ਫ਼ਰੋਸ਼ ਹੋਇਆ
ਸੱਚ ਸੋਚਿਆਂ ਸੋਚ ਨਾ ਪਏ ਪੱਲੇ, ਅਕਲ ਗਈ ਤੇ ਬੰਦਾ ਬੇਹੋਸ਼ ਹੋਇਆ
ਕੋਈ ਪਰਖ ਪੜਚੋਲ ਦਾ ਹੋਏ ਲੂੰਬੜ, ਕੋਈ ਮਾੜਾ ਮਸ਼ੂਮ ਖ਼ਰਗੋਸ਼ ਹੋਇਆ
ਜਿਥੇ ਮੀਡੀਆ ਮੌਤ ਮਜ਼ੀਦ ਹੋਵੇ, ਓਥੇ ਹੀਰ ਦਾ ਦੱਸ ਕੀ ਦੋਸ਼ ਹੋਇਆ

16

ساری پیسے دی کھیڈ پئی جاپدی اے بھاویں ٹی وی، رسالے اخبار ہوون
سجی مار کے کھبی وی دے مارن، خبری ہون یا کالم نگار ہوون
جہڑی گل دا فیدا خرید لیئے، سودے سلف دے کھلے بزار ہوون
نِکّے وڈے ضمیراں دا مُل پمدا بے ضمیری توں لوکی نثار ہوون

ਸਾਰੀ ਪੈਸੇ ਦੀ ਖੇਡ ਪਈ ਜਾਪਦੀ ਏ, ਭਾਵੇਂ ਟੀ ਵੀ, ਰਸਾਲੇ ਅਖ਼ਬਾਰ ਹੋਵਣ
ਸੱਜੀ ਮਾਰ ਕੇ ਖੱਬੀ ਵੀ ਦੇ ਮਾਰਨ, ਖ਼ਬਰੀ ਹੋਣ ਯਾ ਕਾਲਮ ਨਿਗਾਰ ਹੋਵਣ
ਜਿਹੜੀ ਗੱਲ ਦਾ ਫ਼ੱਦਾ ਖ਼ਰੀਦ ਲਈਏ, ਸੌਦੇ ਸਲਫ਼ ਦੇ ਖੁੱਲੇ ਬਜ਼ਾਰ ਹੋਵਣ
ਨਿੱਕੇ ਵੱਡੇ ਜ਼ਮੀਰਾਂ ਦਾ ਮੁੱਲ ਪਮਦਾ, ਬੇ ਜ਼ਮੀਰੀ ਤੋਂ ਲੋਕੀ ਨਿਸਾਰ ਹੋਵਣ

17

گل گُھٹے گئے جوگیا ماڑیاں دے، چیکاں دبیاں رہندیاں سینیاں وچ
بے وسی، بے چسی چا کر چھوڑی، جند پھسی، پِھسڈی کمینیاں وچ
ائیں ہوئی نہ جنگلاں دے وچ کِدھرے جِویں بیتی اے ساتھے مدینیاں وچ
جہڑی اوکھ نہ ورھیاں تیئں پنگری، آ ڈھٹھی اے سِر تے مہینیاں وچ

ਗੱਲ ਘੁੱਟੇ ਗਏ ਜੋਗੀਆ ਮਾੜੀਆਂ ਦੇ, ਚੀਕਾਂ ਦੱਬੀਆਂ ਰਹਿੰਦੀਆਂ ਸੈਣੀਆਂ ਵਿੱਚ
ਬੇਵਸੀ, ਬੇ ਚਸੀ ਚਾ ਕਰ ਛੋੜੀ, ਜਿੰਦ ਫਸੀ, ਫਿੱਸਡੀ ਕਮੀਨੀਆਂ ਵਿੱਚ
ਆਈਂ ਹੋਈ ਨਾ ਜੰਗਲਾਂ ਦੇ ਵਿਚ ਕਿਧਰੇ, ਜਿਵੇਂ ਬੀਤੀ ਏ ਸਾਥੇ ਮਦੀਨੀਆਂ ਵਿੱਚ
ਜਿਹੜੀ ਔਖ ਨਾ ਵਰ੍ਹਿਆਂ ਤਈਂ ਪੁੰਗਰੀ, ਆ ਢੱਠੀ ਏ ਸਿਰ ਤੇ ਮਹੀਨਿਆਂ ਵਿੱਚ

18

سینے بلدی اے آتش درداں دی، ساہ تپ تپ کے لو دی دھار ہوئے
رت روندے نین اسیریاں نوں، دِل تڑپ تڑپ لاچار ہوئے
لگے زخم تے زخم ناسور ہو گئے جو دِل اساڈے تے وار ہوئے
کدیں انج وی ہویائے جگ اُتے، جِویں غماں دے نال وپار ہوئے

ਸੀਨੇ ਬਲਦੀ ਏ ਆਤਿਸ਼ ਦਰਦਾਂ ਦੀ, ਸਾਹ ਤਪ ਤਪ ਕੇ ਲੌ ਦੀ ਧਾਰ ਹੋਏ
ਰੱਤ ਰੋਵੰਦੇ ਨੈਣ ਅਸੀਰੀਆਂ ਨੂੰ, ਦਿਲ ਤੜਪ ਤੜਪ ਲਾਚਾਰ ਹੋਏ
ਲੱਗੇ ਜ਼ਖ਼ਮ ਤੇ ਜ਼ਖ਼ਮ ਨਾਸੂਰ ਹੋ ਗਏ, ਜੋ ਦਿਲ ਅਸਾਡੇ ਤੇ ਵਾਰ ਹੋਏ
ਕਦੀਂ ਇੰਜ ਵੀ ਹੋਇਆਏ ਜੱਗ ਉੱਤੇ, ਜਿਵੇਂ ਗ਼ਮਾਂ ਦੇ ਨਾਲ਼ ਵਪਾਰ ਹੋਏ

19

ہیر آکھیا جوگیا ویکھ لے وے، کہڑا قید تے کہڑا ازاد ہویا
کہڑا ہتھ رکھ بیٹھا اے درداں تے، کہڑا دوزخ وچ وی شاد ہویا
کس سِر سُولی چم گل لائی، کہڑا سولیاں دی بنیاد ہویا
فرحت جہیا وی کوئی کوئی ہو سی پیا، جہڑا دِل ہتھوں برباد ہویا

ਹੀਰ ਆਖਿਆ ਜੋਗੀਆ ਵੇਖ ਲੈ ਵੇ, ਕਿਹੜਾ ਕੈਦ ਤੇ ਕਿਹੜਾ ਅਜ਼ਾਦ ਹੋਇਆ
ਕਿਹੜਾ ਹੱਥ ਰੱਖ ਬੈਠਾ ਏ ਦਰਦਾਂ ਤੇ, ਕਿਹੜਾ ਦੋਜ਼ਖ਼ ਵਿਚ ਵੀ ਸ਼ਾਦ ਹੋਇਆ
ਕਿਸ ਸਿਰ ਸੂਲੀ ਚੰਮ ਗੱਲ ਲਾਈ, ਕਿਹੜਾ ਸ਼ੂਲੀਆਂ ਦੀ ਬੁਨਿਆਦ ਹੋਇਆ
ਫ਼ਰਹਤ ਜਹਿਆ ਵੀ ਕੋਈ ਕੋਈ ਹੋਸੀ ਪਿਆ, ਜਿਹੜਾ ਦਿਲ ਹੱਥੋਂ ਬਰਬਾਦ ਹੋਇਆ

20

بڑی اوکھڑی بنی ہے جگ اُتے، ہر پاسڑے چیک پکار ہوئی
لِکھ ونج تاریخ زمانیاں دی، ہے پل پل دی خونخوار پئی
کدیں بھُکھ نچّی وچ گلیاں دے کدیں بیماری گھربار پئی
میں اَکھِیّوں ڈِٹھائے سڑکاں تے جداں موت والی ماروماروار پئی

ਬੜੀ ਔਖੜੀ ਬਣੀ ਹੈ ਜੱਗ ਅਤੇ, ਹਰ ਪਾਸੜੇ ਚੀਕ ਪੁਕਾਰ ਪਈ
ਲੱਖ ਵਣਜ ਤਾਰੀਖ਼ ਜ਼ਮਾਨਿਆਂ ਦੀ, ਹੈ ਪਲ ਪਲ ਦੀ ਖ਼ੂੰਖ਼ਵਾਰ ਪਈ
ਕਦੀਂ ਭੁੱਖ ਨੱਚੀ ਵਿਚ ਗਲੀਆਂ ਦੇ ਕਦੀਂ ਬੀਮਾਰੀ ਘਰਬਾਰ ਪਈ
ਮੈਂ ਅੱਈਓਂ ਡਿਠਾਏ ਸੜਕਾਂ ਤੇ, ਜਿੱਦਾਂ ਮੌਤ ਵਾਲੀ ਮਾਰੋਮਾਰ ਪਈ

## 21

ساڈا ڈُب ڈُب جاندا اے دِل ہیرے، کدیں اُجڑیاں نوں وی مِل ہیرے
تیرے جوگی دی سُنجڑی رُوح اندر، پئے پھُل درداں دے کِھل ہیرے
ساہ مکن بنیرے تے آ بیٹھے، توں کیتی جاندی ایں ڈِھل ہیرے
ساڈے سینے تے موت چا مُہر لائی، رکھ دِتی سُو قبر دی سِل ہیرے

ਸਾਡਾ ਡੁੱਬ ਡੁੱਬ ਜਾਂਦ ਏ ਦਿਲ ਹੀਰੇ, ਕਦੀਂ ਉੱਜੜਿਆਂ ਨੂੰ ਵੀ ਮਿਲ ਹੀਰੇ
ਤੇਰੇ ਜੋਗੀ ਦੀ ਸੁੰਜੜੀ ਰੂਹ ਅੰਦਰ, ਪਏ ਫੁੱਲ ਦਰਦਾਂ ਦੇ ਥਿੱਲ ਹੀਰੇ
ਸਾਹ ਮੁੱਕਣ ਬਨੇਰੇ ਤੇ ਆ ਬੈਠੇ, ਤੂੰ ਕੀਤੀ ਜਾਂਦੀ ਐਂ ਢਿੱਲ ਹੀਰੇ
ਸਾਡੇ ਸੀਨੇ ਤੇ ਮੌਤ ਚਾ ਮੁਹਰ ਲਾਈ, ਰੱਖ ਦਿੱਤੀ ਸੂ ਕਬਰ ਦੀ ਸਿਲ ਹੀਰੇ

21a

ہیر پُچھیا کون سردار ساڈے، وچوں ساڈے نیں ایہ یاں ہور کوئی
سانوں دین گے تھاں ایہ جین جوگی، لبھ لیئے یاں اسیں گور کوئی
چُپ رہیے یاں سہئیے پئے ظلم سارے، نہیں تے رل کے پاویئے شور کوئی
جوگی آکھیا مینوں تے لگدے نیں یاں ایہ قاتل تے یاں ایہ چور کوئی

ਹੀਰ ਪੁੱਛਿਆ ਕੌਣ ਸਰਦਾਰ ਸਾਡੇ, ਵਿਚੋਂ ਸਾਡੇ ਨੇਂ ਇਹ ਯਾਂ ਹੋਰ ਕੋਈ
ਸਾਨੂੰ ਦੇਣਗੇ ਥਾਂ ਇਹ ਜੀਨ ਜੋਗੀ, ਲੱਭ ਲੀਏ ਯਾਂ ਅਸੀਂ ਗੋਰ ਕੋਈ
ਚੁੱਪ ਰਹੀਏ ਯਾਂ ਸਹੀਏ ਪਏ ਜ਼ੁਲਮ ਸਾਰੇ, ਨਹੀਂ ਤੇ ਰਲ਼ ਕੇ ਪਾਵੀਏ ਸ਼ੋਰ ਕੋਈ
ਜੋਗੀ ਆਖਿਆ ਮੈਨੂੰ ਤੇ ਲਗਦੇ ਨੇਂ ਯਾਂ ਇਹ ਕਾਤਲ ਤੇ ਯਾਂ ਇਹ ਚੋਰ ਕੋਈ

22

بھاویں مذہب تے بھاویں سیاستاں نیں، سبھے بن گئے نی کاروبار ایتھے
اُتوں عالماں، لیڈراں قاضیاں دے، لگے ہوئے نیں کُوڑ بزار ایتھے
تھاں تھاں دُکان تفرقیاں دی، ہور ونڈیاں نی بے شمار ایتھے
نِکے موٹے مفاد دے کان ہیرے، لگی ہوئی اے لمّی قطار ایتھے

ਭਾਵੇਂ ਮਜ਼ਹਬ ਤੇ ਭਾਵੇਂ ਸਿਆਸਤਾਂ ਨੇਂ, ਸਭੇ ਬਣ ਗਏ ਨੀ ਕਾਰੋਬਾਰ ਐਥੇ
ਉਤੋਂ ਆਲਮਾਂ, ਲੀਡਰਾਂ ਕਾਜ਼ੀਆਂ ਦੇ, ਲੱਗੇ ਹੋਏ ਨੇਂ ਕੂੜ ਬਜ਼ਾਰ ਐਥੇ
ਥਾਂ ਥਾਂ ਦੁਕਾਨ ਤਫ਼ਰਕਿਆਂ ਦੀ, ਹੋਰ ਵੰਡੀਆਂ ਨੀ ਬੇਸ਼ੁਮਾਰ ਐਥੇ
ਨਿੱਕੇ ਮੋਟੇ ਮੁਫ਼ਾਦ ਦੇ ਕਾਣ ਹੀਰੇ, ਲੱਗੀ ਹੋਈ ਏ ਲੰਮੀ ਕਤਾਰ ਐਥੇ

23

ہِندو ڈُبے، عیسائی نُوں موت آوے، پیا دُنیا تے بس مُسلمان جِیوے
لوٹے لمے تے سُتھناں ہون لُنڈیاں، لگ موڈھیاں نال شیطان جِیوے
مرے شیعہ تے دِین دی چس آوے، ڈِگے روضہ تے فیر ایمان جِیوے
ٹُٹے امن، تے شرع دا بنے شورا، لگے اگ تے اگے اِمکان جِیوے

ਹਿੰਦੂ ਡੁੱਬੇ, ਈਸਾਈ ਨੂੰ ਮੌਤ ਆਵੇ, ਪਿਆ ਦੁਨੀਆ ਤੇ ਬੱਸ ਮੁਸਲਮਾਨ ਜੀਵੇ
ਲੋਟੇ ਲੰਮੇ ਤੇ ਸੁੱਥਣਾਂ ਹੋਣ ਲੁੰਡੀਆਂ, ਲੱਗ ਮੋਢਿਆਂ ਨਾਲ਼ ਸ਼ੈਤਾਨ ਜੀਵੇ
ਮਰੇ ਸ਼ੀਆ ਤੇ ਦੀਨ ਦੀ ਚੱਸ ਆਵੇ, ਡਿੱਗੇ ਰੌਜ਼ਾ ਤੇ ਫ਼ਿਰ ਈਮਾਨ ਜੀਵੇ
ਟੁੱਟੇ ਅਮਨ, ਤੇ ਸ਼ਰ੍ਹਾ ਦਾ ਬਣੇ ਸ਼ੋਰਾ, ਲੱਗੇ ਅੱਗ ਤੇ ਅੱਗੇ ਇਮਕਾਨ ਜੀਵੇ

24

بینک بنے نیں نوٹ دی چوٹ کارن، وِچے گِنتیاں دے ہیرا پھیریاں نیں
گلاں اسلحے، شراب تے سونے دیاں گل جاپن نوں دو ہی بتھیریاں نیں
وچو وچ لڑائیاں دے ہڑھ وگّے، لوٹی پئی تے وگن ہنیریاں نیں
غور کرو تے مُکّدی فیکٹریاں تے، کِتھے تیریاں تے کِتھے میریاں نیں

ਬੈਂਕ ਬਣੇ ਨੇਂ ਨੋਟ ਦੀ ਚੋਟ ਕਾਰਨ, ਵਿਚੇ ਗਿਣਤੀਆਂ ਦੇ ਹੇਰਾਫੇਰੀਆਂ ਨੇਂ
ਗੱਲਾਂ ਅਸਲ੍ਹੇ, ਸ਼ਰਾਬ ਤੇ ਸੋਨੇ ਦੀਆਂ ਗੱਲ ਜਾਪਣ ਨੂੰ ਦੋ ਹੀ ਬਥੇਰੀਆ ਨੇਂ
ਵਿਚੋ ਵਿਚ ਲੜਾਈਆਂ ਦੇ ਹੜ੍ਹ ਵਗੇ, ਲੋਟੀ ਪਈ ਤੇ ਵਗਣ ਹਨੇਰੀਆਂ ਨੇਂ
ਗ਼ੌਰ ਕਰੋ ਤੇ ਮੁੱਕਦੀ ਫ਼ੈਕਟਰੀਆਂ ਤੇ, ਕਿੱਥੇ ਤੇਰੀਆਂ ਤੇ ਕਿੱਥੇ ਮੇਰੀਆਂ ਨੇਂ

25

ہیر آکھیا جوگیا بھلا دس کھاں، بھُکھ ننگ تے حِرص دا جوڑ کیہ ہے
جہنوں روٹی، لباس تے چھت لبھّے، اوہنوں محل بنان دی لوڑ کیہ ہے
جہدے نین پران درست ہوون، اوہنوں دنیا تے شاہی دی تھوڑ کیہ ہے
دس جوگیا اتنے عذاباں دے وچ، اُتوں ہور عذاب دا توڑ کیہ ہے

ਹੀਰ ਆਖਿਆ ਜੋਗੀਆ ਭਲਾ ਦੱਸ ਖਾਂ, ਭੁੱਖ ਨੰਗ ਤੇ ਹਿਰਸ ਦਾ ਜੋੜ ਕੀ ਹੈ
ਜਿਹਨੂੰ ਰੋਟੀ, ਲਿਬਾਸ ਤੇ ਛੱਤ ਲੱਭੇ, ਉਹਨੂੰ ਮਹਿਲ ਬਨਾਣ ਦੀ ਲੋੜ ਕੀ ਹੈ
ਜਿਹਦੇ ਨੈਣ ਪ੍ਰਾਣ ਦਰੁਸਤ ਹੋਵਣ, ਉਹਨੂੰ ਦੁਨੀਆ ਤੇ ਸ਼ਾਹੀ ਦੀ ਥੋੜ ਕੀ ਹੈ
ਦਸ ਜੋਗੀਆ ਇਤਨੇ ਅਜ਼ਾਬਾਂ ਦੇ ਵਿਚ, ਉਤੋਂ ਹੋਰ ਅਜ਼ਾਬ ਦਾ ਤੋੜ ਕੀ ਹੈ

26

ہیر سوچیا کھیڈ دا بھیت کیہ ہے، کیویں علم تے غلم چا وکھ ہوون
کِتھے رب رحیم دی بنی رونق، کِتے ظلم زوال پئے لکھ ہوون
کِتے دلڑی تے کِتھے رب اکبر، نِکے نِکے جہے راز نہ رکھ ہوون
پیا اڈِیاں مار کے ٹُر بندیا، جدوں وکھ ہوون تاں ککھ ہوون

ਹੀਰ ਸੋਚਿਆ ਖੇਡ ਦਾ ਭੇਤ ਕੀ ਹੈ, ਕਿਵੇਂ ਇਲਮ ਤੇ ਗ਼ਿਲਮ ਚਾ ਵੱਖ ਹੋਵਣ
ਕਿੱਥੇ ਰੱਬ ਰਹੀਮ ਦੀ ਬਣੀ ਰੌਣਕ, ਕਿਤੇ ਜ਼ੁਲਮ ਜ਼ਵਾਲ ਪਏ ਲੱਖ ਹੋਵਣ
ਕਿਤੇ ਦਿਲੜੀ ਤੇ ਕਿੱਥੇ ਰੱਬ ਅਕਬਰ, ਨਿੱਕੇ ਨਿੱਕੇ ਜਿਹੇ ਰਾਜ਼ ਨਾ ਰੱਖ ਹੋਵਣ
ਪਿਆ ਅੱਡੀਆਂ ਮਾਰ ਕੇ ਟੁਰ ਬੰਦਿਆ, ਜਦੋਂ ਵੱਖ ਹੋਵਣ ਤਾਂ ਕੱਖ ਹੋਵਣ

27

ہیر آکھیا جوگیا سچ آکھیں ست کڈِھیں تُوں کدی دانائیاں دا
ایس خُوردبِیناں والے دور دے وچ، کیہ کم ڈِٹھا بینائیاں دا
کیہی سینس تے فکر عروج پایا، کم مُکیا شُبھ شہنائیاں دا
دم دم توں ہویا اے دُور اینا، ناں ای رہ گیا بس اشنائیاں دا

ਹੀਰ ਆਖਿਆ ਜੋਗੀਆ ਸੱਚ ਆਖੀਂ ਸੱਤ ਕਢੀਂ ਤੂੰ ਕਦੀ ਨਾਈਆਂ ਦਾ
ਏਸ ਖ਼ੁਰਦਬੀਨਾਂ ਵਾਲੇ ਦੌਰ ਦੇ ਵਿਚ, ਕੀ ਕੰਮ ਡਿੱਠਾ ਬੀਨਾਈਆਂ ਦਾ
ਕੇਹੀ ਸੈਂਸ ਤੇ ਫ਼ਿਕਰ ਉਰੂਜ ਪਾਇਆ, ਕੰਮ ਮੁੱਕਿਆ ਸ਼ੁਭ ਸ਼ਹਿਨਾਈਆਂ ਦਾ
ਦਮ ਦਮ ਤੋਂ ਹੋਇਆ ਏ ਦੂਰ ਏਨਾ, ਨਾਂ ਈ ਰਹਿ ਗਿਆ ਬੱਸ ਅਸ਼ਨਾਈਆਂ ਦਾ

28

ف فلسفے فیشن تے فن بن گئے جیم جعلی ملنگ فنکار ہوئے
پیسے والیاں فوک فراڈ کیتا، بابے ہوئے تے حد بےکار ہوئے
کدھاں رنگ چنگیراں نوں پئے ٹنگن، بھانڈے ٹنڈر غریب شاہکار ہوئے
کہہ کے فقر دی کھڈّی دا جُل ویچے، ہِک دو تے دو دے چار ہوئے

ਫ਼ੇ ਫ਼ਲਸਫ਼ੇ ਫ਼ੈਸ਼ਨ ਤੇ ਫ਼ਨ ਬਣ ਗਏ ਜੀਮ ਜਾਲ੍ਹੀ ਮਲੰਗ ਫ਼ਨਕਾਰ ਹੋਏ
ਪੈਸੇ ਵਾਲਿਆਂ ਫ਼ੋਕ ਫ਼ਰਾਡ ਕੀਤਾ, ਬਾਬੇ ਹੋਏ ਤੇ ਹੱਦ ਬੇਕਾਰ ਹੋਏ
ਕੱਧਾਂ ਰੰਗ ਚੰਗੇਰਾਂ ਨੂੰ ਪਏ ਟੰਗਣ, ਭਾਂਡੇ ਟਿੰਡਰ ਗ਼ਰੀਬ ਸ਼ਾਹਕਾਰ ਹੋਏ
ਕਹਿ ਕੇ ਫ਼ਕਰ ਦੀ ਖੱਡੀ ਦਾ ਜੁੱਲ ਵੇਚੇ, ਹਿੱਕ ਦੋ ਤੇ ਦੋ ਦੇ ਚਾਰ ਹੋਏ

29

گیتاں نال وی جو گیا ہتھ ہویا' کُوڑ کُوکاں تے چِیکاں دا مُل پیا
جِنّا جِنّا سی جھوٹھا گواہ جتھے، اونا اونا ترِیکاں دا مُل پیا
لُکے، چِینے تے گولے مذاق بن گئے، جدوں وِٹھاں تے پِیکاں دا مُل پیا
فرحت شاہ نہ ایویں اُداس ہووو، ساڈیاں کدوں اُڈیکاں دا مُل پیا

ਗੀਤਾਂ ਨਾਲ਼ ਵੀ ਜੋਗੀਆ ਹੱਥ ਹੋਇਆ' ਕੂੜ ਕੂਕਾਂ ਤੇ ਚੀਕਾਂ ਦਾ ਮੁੱਲ ਪਿਆ
ਜਿੰਨਾ ਜਿੰਨਾ ਸੀ ਝੂਠਾ ਗਵਾਹ ਜਿੱਥੇ, ਓਨਾ ਓਨਾ ਤਰੀਕਾਂ ਦਾ ਮੁੱਲ ਪਿਆ
ਲੁਕੇ, ਚੀਨੇ ਤੇ ਗੋਲੇ ਮਜ਼ਾਕ ਬਣ ਗਏ, ਜਦੋਂ ਵਿੱਠਾਂ ਤੇ ਪੀਕਾਂ ਦਾ ਮੁੱਲ ਪਿਆ
ਫ਼ਰਹਤ ਸ਼ਾਹ ਨਾ ਐਵੇਂ ਉਦਾਸ ਹੋਵੇ, ਸਾਡੀਆਂ ਕਦੋਂ ਉਡੀਕਾਂ ਦਾ ਮੁੱਲ ਪਿਆ

30

ہیر آکھیا جوگیا سوچ ذرا، جمّن دُکھ تے مرن مران وی دُکھ
جیکر عقل شعور دی گل آکھاں، جِند دُکھ تے جگ جہان وی دُکھ
تھلاں پار دیوانیاں ہار پھِریئے، پچھے مُڑیئے تے جان پچھان وی دُکھ
بھرم بھا بھروسا وی پھٹ لاوے، اگے ودھیے تے مان تران وی دُکھ

ਹੀਰ ਆਖਿਆ ਜੋਗੀਆ ਸੋਚ ਜ਼ਰਾ, ਜੰਮਣ ਦੁੱਖ ਤੇ ਮਰਨ ਮਰਾਨ ਵੀ ਦੁੱਖ
ਜੇਕਰ ਅਕਲ ਸ਼ਊਰ ਦੀ ਗੱਲ ਆਖਾਂ, ਜਿੰਦ ਦੁੱਖ ਤੇ ਜੱਗ ਜਹਾਨ ਵੀ ਦੁੱਖ
ਥਲਾਂ ਪਾਰ ਦੀਵਾਨਿਆਂ ਹਾਰ ਫਿਰਈਏ, ਪਿੱਛੇ ਮੁੜੀਦੇ ਤੇ ਜਾਣ ਪਛਾਣ ਵੀ ਦੁੱਖ
ਭਰਮ ਭਾ ਭਰੋਸਾ ਵੀ ਫੁੱਟ ਲਾਵੇ, ਅੱਗੇ ਵਧੀਏ ਤੇ ਮਾਣ ਤਰਾਣ ਵੀ ਦੁੱਖ

31

سینہ ساہواں دی آری دی کاٹ اتے، چِرے جدوں تے متھے تے سٹّ وجّے
لگے موت کنارے تے آن پہنچی، بوہا ہجر دا ہٹّے تے جھٹ وجّے
سٹّاں نال آیا دِل پاٹنے تے، اوہنوں لگے کہ اجن وی گھٹ وجے
تینوں وجّے تے وجّن دی سمجھ آوے، اُتے پھٹّاں دے تیرے جے پھٹّ وجّے

ਸੀਨਾ ਸਾਹਵਾਂ ਦੀ ਆਰੀ ਦੀ ਕਾਟ ਉੱਤੇ, ਚਿਰੇ ਜਦੋਂ ਤੇ ਮੱਥੇ ਤੇ ਸੱਟ ਵੱਜੇ
ਲੱਗੇ ਮੌਤ ਕਿਨਾਰੇ ਤੇ ਆਨ ਪਹੁੰਚੀ, ਬੂਹਾ ਹਿਜਰ ਦਾ ਹਟੇ ਝੱਟ ਵੱਜੇ
ਸੱਟਾਂ ਨਾਲ਼ ਆਇਆ ਦਿਲ ਪਾਟਣੇ ਤੇ, ਉਹਨੂੰ ਲੱਗੇ ਕਿ ਅਜਨ ਵੀ ਘੱਟ ਵੱਜੇ
ਤੈਨੂੰ ਵਜੇ ਤੇ ਵੱਜਣ ਦੀ ਸਮਝ ਆਵੇ, ਓੱਤੇ ਫੱਟਾਂ ਦੇ ਤੇਰੇ ਫ਼ੁੱਟ ਵੱਜੇ

32

ہیر آکھیا جوگیا بول کھاں وے اِتھاں کیڈ مُحبتّاں سچیّاں نی
پکے کچ پکوان مفاد والے تنداں پیار پریت دیاں کچیاں نی
ٹُر گئے نیں وقت وفا والے، خالی چُمیاں چٹیاں مچیاں نی
عین عشق دی کسے وی سمجھ ناہیں، بس گلاّں تے باتاں ای بچیاں نی

ਹੀਰ ਆਖਿਆ ਜੋਗੀਆ ਬੋਲ ਖਾਂ ਵੇ ਇਥਾਂ ਕੇਡ ਸੱਚੀਆਂ ਨੀ
ਪੱਕੇ ਕੱਚ ਪਕਵਾਨ ਮੁਫ਼ਾਦ ਵਾਲੇ ਤੰਦਾਂ ਪਿਆਰ ਪ੍ਰੀਤ ਦੀਆਂ ਕੱਚੀਆਂ ਨੀ
ਟੁਰ ਗਏ ਨੇਂ ਵਕਤ ਵਫ਼ਾ ਵਾਲੇ, ਖ਼ਾਲੀ ਚੁਮਿਆਂ ਚੱਟੀਆਂ ਮੱਚੀਆਂ ਨੀ
ਐਨ ਇਸ਼ਕ ਦੀ ਕਿਸੇ ਵੀ ਸਮਝ ਨਾਹੀਂ, ਬੱਸ ਗੱਲਾਂ ਤੇ ਬਾਤਾਂ ਈ ਬੱਚਿਆਂ ਨੀ

33

چُمی چَٹّی دا سنگ خراب کردا، دِلاں باجھ ایہ کم ہے باندراں دا
لکھ ورقیاں وانگراں جوڑ بیٹھو، سینے سینے تے چم ہے باندراں دا
پِنڈا پِنڈے نل جوڑ کے چس لینی، بِناں جذبیاں خم ہے باندراں دا
ایہناں سبھاں نوں کُھل نہ کھیڈنے دا، فرحت شاہ نوں غم اے باندراں دا

ਚੁੰਮੀ ਚੱਟੀ ਦਾ ਸੰਗ ਖ਼ਰਾਬ ਕਰਦਾ, ਦਿਲਾਂ ਬਾਝ ਇਹ ਕੰਮ ਹੈ ਬਾਂਦਰਾਂ ਦਾ
ਲੱਖ ਵਰਕਿਆਂ ਵਾਂਗਰਾਂ ਜੋੜ ਬੈਠੋ, ਸੀਨੇ ਸੀਨੇ ਤੇ ਚੰਮ ਹੈ ਬਾਂਦਰਾਂ ਦਾ
ਪਿੰਡਾ ਪਿੰਡੇ ਨਲ਼ ਜੋੜ ਕੇ ਚੱਸ ਲੈਨੀ, ਬਿਨਾਂ ਜਜ਼ਬਿਆਂ ਖ਼ਮ ਹੈ ਬਾਂਦਰਾਂ ਦਾ
ਇਨ੍ਹਾਂ ਸਭਾਂ ਨੂੰ ਖੁਲ ਨਾ ਖੇਡਣੇ ਦਾ, ਫ਼ਰਹਤ ਸ਼ਾਹ ਨੂੰ ਗ਼ਮ ਏ ਬਾਂਦਰਾਂ ਦਾ

## 34

ایسے شوہدے زمانے اِچ شعر لکھے، جِتھے حرف دے ظرف دی فہم ناہیں
چھوٹا چھوٹے توں چھوٹا فرعون بنیا، کسے بھڑوے نو ں ربّ دا سہم ناہیں
جہدی چُھری دے تلّے جو آن پھسّے، چُھری والے نوں کسے تے رحم ناہیں
فرحت شاہ نوں چانَنا ساریاں دا، کوئی شک، گمان، تے وہم ناہیں

ਐਸੇ ਸ਼ੋਹਦੇ ਜ਼ਮਾਨੇ ਇਚ ਸ਼ਿਅਰ ਲਿਖੇ, ਜਿਥੇ ਹਰਫ਼ ਦੇ ਜ਼ਰਫ਼ ਦੀ ਫ਼ਹਿਮ ਨਾਹੀਂ
ਛੋਟਾ ਛੋਟੇ ਤੋਂ ਛੋਟਾ ਫ਼ਿਰਔਨ ਬਣਿਆ, ਕਿਸੇ ਭੜਵੇ ਨੂੰ ਰੱਬ ਦਾ ਸਹਿਮ ਨਾਹੀਂ
ਜਿਹਦੀ ਛੁਰੀ ਦੇ ਤਲੇ ਜੋ ਆਨ ਫੱਸੇ, ਛੁਰੀ ਵਾਲੇ ਨੂੰ ਕਿਸੇ ਤੇ ਰਹਿਮ ਨਾਹੀਂ
ਫ਼ਰਹਤ ਸ਼ਾਹ ਨੂੰ ਚਾਨਣਾ ਸਾਰਿਆਂ ਦਾ, ਕੋਈ ਸ਼ੱਕ, ਗੁਮਾਨ, ਤੇ ਵਹਿਮ ਨਾਹੀਂ

35

خُشی سچی دی ڈُوڈھ دی دوڑ لگی، موت لگی جُوں منجے تے یاد آیا
پیسہ ساری خرابی دا حل ناہیں، ویکھے پِیڑاں دے پنجے تے یاد آیا
جعلی وگِ لگوان اچ ہرج ناہیں، ویکھے عقلاں دے گنجے تے یاد آیا
ساڈے جِیون دی وجھا نہ رہی باقی، ہیر چڑھی جوں جنجے تے یاد آیا

ਖ਼ੁਸ਼ੀ ਸੱਚੀ ਦੀ ਡੂਢ ਦੀ ਦੌੜ ਲੱਗੀ, ਮੌਤ ਲੱਗੀ ਜੂੰ ਮੰਜੇ ਤੇ ਯਾਦ ਆਇਆ
ਪੈਸਾ ਸਾਰੀ ਖ਼ਰਾਬੀ ਦਾ ਹੱਲ ਨਾਹੀਂ, ਵੇਖੇ ਪੀੜਾਂ ਦੇ ਪੰਜੇ ਤੇ ਯਾਦ ਆਇਆ
ਜਾਲ੍ਹੀ ਵਿਗ ਲਗਵਾਣ ਇੱਚ ਹਰਜ ਨਾਹੀਂ, ਵੇਖੇ ਅਕਲਾਂ ਦੇ ਗੰਜੇ ਤੇ ਯਾਦ ਆਇਆ
ਸਾਡੇ ਜੀਵਨ ਦੀ ਵਜਾ ਨਾ ਰਹੀ ਬਾਕੀ, ਹੀਰ ਚੜ੍ਹੀ ਜੁਂ ਜੰਜੇ ਤੇ ਯਾਦ ਆਇਆ

36

ایسی دُنیا تے لعن تے طعن ہووے، جتھے امن دی آڑ اِچ جنگ ہووے
جتھے قتل قتال تے فخر ہووے، اُتوں فخر تے خون دا رنگ ہووے
اُتوں خیر دے کم دا کرن دعویٰ، پِچھے خیر دے سپّ دا ڈنگ ہووے
فرحت شاہ جی پکّا ہے رُل مرنا، بھاویں لہور ہووے بھاویں جھنگ ہووے

ਐਸੀ ਦੁਨੀਆ ਤੇ ਲਾਅਨ ਤੇ ਤਾਅਨ ਹੋਵੇ, ਜਿਥੇ ਅਮਨ ਦੀ ਆੜ ਉੱਚ ਜੰਗ ਹੋਵੇ
ਜਿਥੇ ਕਤਲ ਕਤਾਲ ਤੇ ਫ਼ਖ਼ਰ ਹੋਵੇ, ਉਤੋਂ ਫ਼ਖ਼ਰ ਤੇ ਖ਼ੂਨ ਦਾ ਰੰਗ ਹੋਵੇ
ਉਤੋਂ ਖ਼ੈਰ ਦੇ ਕੰਮ ਦਾ ਕਰਨ ਦਾਵਾ, ਪਿੱਛੇ ਖ਼ੈਰ ਦੇ ਸੱਪ ਦਾ ਡੰਗ ਹੋਵੇ
ਫ਼ਰਹਤ ਸ਼ਾਹ ਜੀ ਪੱਕਾ ਹੈ ਰੁਲ਼ ਮਰਨਾ, ਭਾਵੇਂ ਲਹੌਰ ਹੋਏ ਭਾਵੇਂ ਝੰਗ ਹੋਵੇ

37

ربّ منن نہ منن دی بحث ہووے، بحث کرن زنانی توں مار کھاندے
رب ہون نہ ہون دی بحث کردے جہڑے لُڈو وی کھیڈن تے ہار جاندے
گل کرن جو ربّ دے درشناں دی، گل کردے مریداں نُوں چار جاندے
ربّ لبھن نہ لبھن تے غور کر دے، غورکرن عقیدے توں پار جاندے

ਰੱਬ ਮੰਨਣ ਨਾ ਮੰਨਣ ਦੀ ਬਹਿਸ ਹੋਵੇ, ਬਹਿਸ ਕਰਨ ਜ਼ਨਾਨੀ ਤੋਂ ਮਾਰ ਖਾਂਦੇ
ਰੱਬ ਹੋਣ ਨਾ ਹੋਣ ਦੀ ਬਹਿਸ ਕਰਦੇ ਜਿਹੜੇ ਲੁੱਡੋ ਵੀ ਖੇਡਣ ਤੇ ਹਾਰ ਜਾਂਦੇ
ਗੱਲ ਕਰਨ ਜੋ ਰੱਬ ਦੇ ਦਰਸ਼ਨਾਂ ਦੀ, ਗੱਲ ਕਰਦੇ ਮੁਰੀਦਾਂ ਨੂੰ ਚਾਰ ਜਾਂਦੇ
ਰੱਬ ਲੱਭਣ ਨਾ ਲੱਭਣ ਤੇ ਗ਼ੌਰ ਕਰਦੇ, ਗ਼ੌਰ ਕਰਨ ਅਕੀਦੇ ਤੋਂ ਪਾਰ ਜਾਂਦੇ

38

ہیر پُچھیا جوگیا سچ دسّیں، اسیں آپ ای آں کوئی ہور تاں نہیں
جہڑے آنے بہانے پئے لڑن لگے، کسے ہور دے ہتھ وچ ڈور تاں نہیں
بوہتی عقل تے دانش پئے بولدے نیں، ذرا ویکھ تاں سہی کِتے چور تاں نہیں
جہڑے چوگے تے اساں نوں لائی رکھدے، کِتے چوراں دے مگر وی مور تاں نہیں

ਹੀਰ ਪੁੱਛਿਆ ਜੋਗੀਆ ਸੱਚ ਦੱਸੀਂ, ਅਸੀਂ ਆਪ ਈ ਆਂ ਕੋਈ ਹੋਰ ਤਾਂ ਨਹੀਂ
ਜਿਹੜੇ ਆਨੇ ਬਹਾਨੇ ਪਏ ਲੜਨ ਲੱਗੇ, ਕਿਸੇ ਹੋਰ ਦੇ ਹੱਥ ਵਿਚ ਡੋਰ ਤਾਂ ਨਹੀਂ
ਬਹੁਤੀ ਅਕਲ ਤੇ ਦਾਨਿਸ਼ ਪਏ ਬੋਲਦੇ ਨੇਂ, ਜ਼ਰਾ ਵੇਖ ਤਾਂ ਸਹੀ ਕਿੱਤੇ ਚੋਰ ਤਾਂ ਨਹੀਂ
ਜਿਹੜੇ ਚੋਗੇ ਤੇ ਅਸਾਂ ਨੂੰ ਲਾਈ ਰੱਖਦੇ, ਕਿਤੇ ਚੋਰਾਂ ਦੇ ਮਗਰ ਵੀ ਮੋਰਤਾਂ ਨਹੀਂ

39

کدیں عقل علم باعث ہوئی، عین علم عقیل تو دور ہوندا
آؤ ویکھو عدالتاں شالتاں وچ کِویں عدل عدیل توں دُور ہوندا
پا پڑھے تے آکڑاں نال بولے، عالم گھٹ اوہ ڈھیر رزیل ہوندا
ثابت اپنے عمل توں کرے جہڑا، اوہو کامل تے اصل اصیل ہوندا

ਕਦੀਂ ਅਕਲ ਇਲਮ ਬਾਇਸ ਹੋਈ, ਐਨ ਇਲਮ ਅਕੀਲ ਤੋਂ ਦੂਰ ਹੁੰਦਾ
ਆਓ ਵੇਖੋ ਅਦਾਲਤਾਂ ਸ਼ਾਲਤਾਂ ਵਿਚ ਕਿਵੇਂ ਅਦਲ ਅਦੀਲ ਤੋਂ ਦੂਰ ਹੁੰਦਾ
ਪਾ ਪੜ੍ਹੇ ਤੇ ਆਕੜਾਂ ਨਾਲ਼ ਬੋਲੇ, ਆਲਮ ਘੱਟ ਉਹ ਢੇਰ ਰਜ਼ੀਲ ਹੁੰਦਾ
ਸਾਬਤ ਆਪਣੇ ਅਮਲ ਤੋਂ ਕਰੇ ਜਿਹੜਾ, ਉਹੋ ਕਾਮਲ ਤੇ ਅਸਲ ਅਸੀਲ ਹੁੰਦਾ

40

ہیر آکھیا جوگیا بول دسّیں دس لوکاں نوں گل اصول دی اے
جو وی مذہب توں سانوں ہٹاوندا ہے اوہنوں آکھ ازادی قبول دی اے
دین کدے وی ظلم نہیں کر سکدا، ایہ کہانی اُداس ملول دی اے
سارے جھگڑے بدسرمائے دے نیں، کتھا عرض دی اے بھاویں طول دی اے

ਹੀਰ ਆਖਿਆ ਜੋਗੀਆ ਬੋਲ ਦੱਸੀਂ ਦੱਸ ਲੋਕਾਂ ਨੂੰ ਗੱਲ ਅਸੂਲ ਦੀ ਏ
ਜੋ ਵੀ ਮਜ਼ਹਬ ਤੋਂ ਸਾਨੂੰ ਹਟਾਵੰਦਾ ਹੈ ਉਹਨੂੰ ਆਖ ਅਜ਼ਾਦੀ ਕਬੂਲ ਦੀ ਏ
ਦੀਨ ਕਦੇ ਵੀ ਜ਼ੁਲਮ ਨਹੀਂ ਕਰ ਸਕਦਾ, ਇਹ ਕਹਾਣੀ ਉਦਾਸ ਮਲੂਲ ਦੀ ਏ
ਸਾਰੇ ਝਗੜੇ ਬਦ ਸਰਮਾਏ ਦੇ ਨੇਂ, ਕਥਾ ਅਰਜ਼ ਦੀ ਏ ਭਾਵੇਂ ਤੂਲ ਦੀ ਏ

41

ہیر آکھیا جوگیا ظالما وے، کدیں ہجر فراق دی گل کریے
کیہ ہویا جے عشق نراض ہویا، کسے عیب توں پاک دی گل کریے
واڈھو ہو گیا اے رون دُنیا دا، کو ئی ہاسے مذاق دی گل کریے
مُلاں عرشاں دے ذِکر نوں رہے لگا، رل بہویے تے خاک دی گل کریے

ਹੀਰ ਆਖਿਆ ਜੋਗੀਆ ਜ਼ਾਲਮਾ ਵੇ, ਕਦੀਂ ਹਿਜਰ ਫ਼ਿਰਾਕ ਦੀ ਗੱਲ ਕਰੀਏ
ਕੀ ਹੋਇਆ ਜੇ ਇਸ਼ਕ ਨਰਾਜ਼ ਹੋਇਆ, ਕਿਸੇ ਐਬ ਤੋਂ ਪਾਕ ਦੀ ਗੱਲ ਕਰੀਏ
ਵਾਧੂ ਹੋ ਗਿਆ ਏ ਰੋਣ ਦੁਨੀਆ ਦਾ, ਕੋਈ ਹਾਸੇ ਮਜ਼ਾਕ ਦੀ ਗੱਲ ਕਰੀਏ
ਮੁੱਲਾਂ ਅਰਸ਼ਾਂ ਦੇ ਜਿਕਰ ਨੂੰ ਰਹੇ ਲੱਗਾ, ਰਲ਼ ਬਹਵੀਏ ਤੇ ਖ਼ਾਕ ਦੀ ਗੱਲ ਕਰੀਏ

42

ہیر آکھیا حق دی گل کریئے، اسیں آپ وی جُہل آں جوگیا وے
اسیں آپ حسین شہید کیتے، پچھے سوگ منائے نیں سوگیا وے
اسیں آپ ای عیسیٰ نوں پھاہے لایا آپے روگ لگائے نیں روگیا وے
آپے ربّ نوں ساویاں رہے ہوندے، آپے ساڑے نیں بھاگ ابھوگیا وے

ਹੀਰ ਆਖਿਆ ਹੱਕ ਦੀ ਗੱਲ ਕਰੀਏ, ਅਸੀਂ ਆਪ ਵੀ ਜਿਹਲ ਆਂ ਜੋਗੀਆ ਵੇ
ਅਸੀਂ ਆਪ ਹੁਸੈਨ ਸ਼ਹੀਦ ਕੀਤੇ, ਪਿੱਛੇ ਸੋਗ ਮਨਾਏ ਨੇਂ ਸੋਗਿਆ ਵੇ
ਅਸੀਂ ਆਪ ਈ ਈਸਾ ਨੂੰ ਫਾਹੇ ਲਾਇਆ, ਆਪੇ ਰੋਗ ਲਗਾਏ ਨੇਂ ਰੋਗੀਆ ਵੇ
ਆਪੇ ਰੱਬ ਨੂੰ ਸਾਤਿਆਂ ਰਹੇ ਹੁੰਦੇ, ਆਪੇ ਸਾੜੇ ਨੇਂ ਭੋਗ ਅਭੋਗੀਆ ਵੇ

43

ہیر آکھیا میتھوں ہے ظلم ہویا، میں رانجھے دا پیار سُنجانیا نہیں
کجھ بچپنا ہائی کجھ وڈیائی، میں ہیرڑا یار سنجانیا نہیں
جُھومر متھڑے دا نہیوں ویکھ سکّی، میں گل دا ہار سنجانیا نہیں
میری کم نظری مینوں لے بیٹھی، میں شاہ دِلدار سنجانیا نہیں

ਹੀਰ ਆਖਿਆ ਮੈਥੋਂ ਹੈ ਜ਼ੁਲਮ ਹੋਇਆ, ਮੈਂ ਰਾਂਝੇ ਦਾ ਪਿਆਰ ਸੁੰਜਾਣਿਆਂ ਨਹੀਂ
ਕੁੱਝ ਬਚਪਨਾ ਹਾਈ ਕੁੱਝ ਵਡਿਆਈ, ਮੈਂ ਹੀਰੜਾ ਯਾਰ ਸੁੰਜਾਣਿਆਂ ਨਹੀਂ
ਝੂਮਰ ਮਥੜੇ ਦਾ ਨਹੀਓਂ ਵੇਖ ਸਕੀ, ਮੈਂ ਗਲ ਦਾ ਹਾਰ ਸੁੰਜਾਣਿਆਂ ਨਹੀਂ
ਮੇਰੀ ਕੰਮਨਜ਼ਰੀ ਮੈਨੂੰ ਲੈ ਬੈਠੀ, ਮੈਂ ਸ਼ਾਹ ਦਿਲਦਾਰ ਸੁੰਜਾਣਿਆਂ ਨਹੀਂ

44

ہائی عشق اِکلڑے رانجھنے دا مِرے پاسیوں پیار دی خیر وی ناہیں
اوہ اکلڑا ٹُریا ورھیاں تائیں، دو قدم تاں کیہ چایا پیر وی ناہیں
بس کجھ نہ پُچھ میری ہر گئی ہایں، کوئی گل وی ناہیں کوئی ویر وی ناہیں
میرے واسطے جمیا ہائی سوہنا، کو ئی ناواقف یا کوئی غیر وی ناہیں

ਹਾਈ ਇਸ਼ਕ ਇਕੱਲੜੇ ਰਾਂਝਣੇ ਦਾ ਮਰੇ ਪਾਸਿਓਂ ਪਿਆਰ ਦੀ ਖ਼ੈਰ ਵੀ ਨਾਹੀਂ
ਉਹ ਇਕਲੜਾ ਟੁਰਿਆ ਵਰਿਆਂ ਤਾਈਂ, ਦੋ ਕਦਮ ਤਾਂ ਕੀ ਚਾਇਆ ਪੈਰ ਵੀ ਨਾਹੀਂ
ਬੱਸ ਕੁੱਝ ਨਾ ਪੁੱਛ ਮੇਰੀ ਹਰ ਗਈ ਹਾਈਂ, ਕੋਈ ਗੱਲ ਵੀ ਨਾਹੀਂ ਕੋਈ ਵੈਰ ਵੀ ਨਾਹੀਂ
ਮੇਰੇ ਵਾਸਤੇ ਜੰਮਿਆ ਹਾਈ ਸੋਹਣਾ, ਕੋਈ ਨਾਵਾਕਿਫ਼ ਯਾ ਕੋਈ ਗ਼ੈਰ ਵੀ ਨਾਹੀਂ

45

کُجھ اُنج وی بے تکیائی ہو گئی، میرے حسن لباسوں پھدھ، جاتا
کُجھ سوچیا جداں وی دل کَرسی میں لیساں چاک نوں لدھ، جاتا
کُجھ ماں پیو تے رشتے داریاں دے انجان جہے فرق نوں کدھ جاتا
کُجھ رانجھنے نوں کمتر جاتا، کجھ اپنے آپ نوں ودھ جاتا

ਕੁਝ ਉਂਜ ਵੀ ਬੇ ਤਕਿਆਈ ਹੋ ਗਈ, ਮੇਰੇ ਹੁਸਨ ਲਬਾਸੋਂ ਫੱਧ, ਜਾਤਾ
ਕੁਝ ਸੋਚਿਆ ਜਦਾਂ ਵੀ ਦਿਲ ਕਰਸੀ ਮੈਂ ਲੈਸਾਂ ਚਾਕ ਨੂੰ ਲੱਧ, ਜਾਤਾ
ਕੁਝ ਮਾਂ ਪਿਓ ਤੇ ਰਿਸ਼ਤੇਦਾਰੀਆਂ ਦੇ ਅੰਜਾਣ ਜਿਹੇ ਫ਼ਰਕ ਨੂੰ ਕੱਧ ਜਾਤਾ
ਕੁਝ ਰਾਂਝਣੇ ਨੂੰ ਕਮਤਰ ਜਾਤਾ, ਕੁੱਝ ਆਪਣੇ ਆਪ ਨੂੰ ਵੱਧ ਜਾਤਾ

46

سچی دساں میں جوگیا رانجھنے وچ، کو ئی گل سبھ جگ توں وکھ ہاسوں
بانہہ بنھیا ہاس امام ضامن، گل وچ یاسین دی رکھ ہاسوں
ناہی مندا مونہ تے عشق میرا، کوئی عجب عجیب انکھ ہاسوں
ہُن آ کے میں ایہ گل سمجھی، ہیر جہیاں تے رانجھے نوں لکھ ہاسوں

ਸੱਚੀ ਦੱਸਾਂ ਮੈਂ ਜੋਗੀਆ ਰਾਂਝਣੇ ਵਿਚ, ਕੋਈ ਗੱਲ ਸਭ ਜਗ ਤੋਂ ਵੱਖ ਹਾਸੂੰ
ਬਾਂਹ ਬੰਨਿਆ ਹਾਸ ਇਮਾਮ ਜ਼ਾਮਨ, ਗੱਲ ਵਿਚ ਯਾਸੀਨ ਦੀ ਰੱਖ ਹਾ ਹਾਸੂੰ
ਨਾਹੀ ਮੱਨਦਾ ਮੂੰਹ ਤੇ ਇਸ਼ਕ ਮੇਰਾ, ਕੋਈ ਅਜਬ ਅਜੀਬ ਅਣਖ ਹਾ ਹਾਸੂੰ
ਹੁਣ ਆ ਕੇ ਮੈਂ ਇਹ ਗੱਲ ਸਮਝੀ, ਹੀਰ ਜਿਹੀਆਂ ਤੇ ਰਾਂਝੇ ਨੂੰ ਲੱਖ ਹਾ ਹਾਸੂੰ

## 47

بھاویں ناہیں منندا میرے مُونہہ اُتے ہائی آن کھلووندا راہ اُتے
جتھوں لگھدی ہم انج لگدا ہائی، ہیسوں قدم مرے ساہ ساہ اُتے
گھر سڑدِن آپ اگ لاونے نال بندہ دکھ رکھ باہندا سواہ اُتے
جو ہویا ہا ہِیر توں آپ ہویا، شکوہ نہیں کوئی فرحت شاہ اُتے

ਭਾਵੇਂ ਨਾਹੀਂ ਮੰਨਦਾ ਮੇਰੇ ਮੂੰਹ ਉੱਤੇ ਹਾਈ ਆਣ ਖਲੋਵੰਦਾ ਉੱਤੇ
ਜਿਥੋਂ ਲਘਦੀ ਹਮ ਇੰਜ ਲਗਦਾ ਹਾਈ, ਹਿੱਸੋਂ ਕਦਮ ਮਰੇ ਸਾਹ ਸਾਹ ਉੱਤੇ
ਘਰ ਸੜਦਿਨ ਆਪ ਅੱਗ ਲਾਵਣੇ ਨਾਲ਼ ਬੰਦਾ ਦੁੱਖ ਰੱਖ ਬਾਂਹਦਾ ਸੁਆਹ ਉੱਤੇ
ਜੋ ਹੋਇਆਹਾ ਹੀਰ ਤੋਂ ਆਪ ਹੋਇਆ, ਸ਼ਿਕਵਾ ਨਹੀਂ ਕੋਈ ਸ਼ਾਹ ਉੱਤੇ

48

میرے دُکھ سُندائی بڑے دُکھ دے نال، مینوں ڈِھڈوں پیار کریندا ہائی
میرے دِل دیون دی عادتے اوہ، کدیں چُپ دا وار کریندا ہائی
میرے پچھن تے مشکلاں نال کوئی، نِک سُک نروار کریندا ہائی
اوہدی عادت ہائی ہر جُھوٹھڑے دا، ہتھ چا انکار کریندا ہائی

ਮੇਰੇ ਦੁੱਖ ਸੁਣਦਾਏ ਬੜੇ ਦੁੱਖ ਦੇ ਨਾਲ਼, ਮੈਨੂੰ ਢਿੱਡੋਂ ਪਿਆਰ ਕਰੇਂਦਾ ਹਾਈ
ਮੇਰੇ ਦਿਲ ਦੇਵਨ ਦੀ ਆਦਤ ਤੇ ਉਹ, ਕਦੀਂ ਚੁੱਪ ਦਾ ਵਾਰ ਕਰੇਂਦਾ ਹਾਈ
ਮੇਰੇ ਪੁੱਛਣ ਤੇ ਮੁਸ਼ਕਿਲਾਂ ਨਾਲ਼ ਕੋਈ, ਨਿਕ ਸੁੱਕ ਨਿਰਵਾਰ ਕਰੇਂਦਾ ਹਾਈ
ਉਹਦੀ ਆਦਤ ਹਾਈ ਹਰ ਝੂਠੜੇ ਦਾ, ਹੱਥ ਚਾ ਇਨਕਾਰ ਕਰੇਂਦਾ ਹਾਈ

49

ہیر آکھیا جوگیا سچ دساں، دل کردائے اج اعتراف کر لاں
جیڈا سوہنا یار کھڑا بیٹھی، کس مُونہ نل خود نوں معاف کر لاں
کدیں لبھ جاوے تاں گل لگ کے، میتھوں رانجھنے دا دِل صاف کر لاں
فرحت شاہ بٹھا کے تخت اُتے، بن آپ کنیز طواف کر لاں

ਹੀਰ ਆਖਿਆ ਜੋਗੀਆ ਸੱਚ ਦੱਸਾਂ, ਦਿਲ ਕਰਦਾਏ ਅੱਜ ਐਤਰਾਫ਼ ਕਰ ਲਾਂ
ਜੇਡਾ ਸੋਹਣਾ ਯਾਰ ਖੜਾ ਬੈਠੀ, ਕਿਸ ਮੂੰਹ ਨਲ਼ ਖ਼ੁਦ ਨੂੰ ਮਾਫ਼ ਕਰ ਲਾਂ
ਕਦੀਂ ਲੱਭ ਜਾਵੇ ਤਾਂ ਗਲ ਲੱਗ ਕੇ, ਮੈਥੋਂ ਰਾਂਝਣੇ ਦਾ ਦਿਲ ਸਾਫ਼ ਕਰ ਲਾਂ
ਫ਼ਰਹਤ ਸ਼ਾਹ ਬਿਠਾ ਕੇ ਤਖ਼ਤ ਉੱਤੇ, ਬਣ ਆਪ ਕਨੀਜ਼ ਤਵਾਫ਼ ਕਰ ਲਾਂ

50

ماپے آکھدے پئے ہِن جوگیا وے،دھی ہیر ویاہنی اے اُچیاں نال
رانجھن یار دا جوڑ رلاوندے سن، کدی کوجھیاں نل کدی ٹُچیاں نال
بختاں ہاری میں ہیر ہو، لا وارث، اڑپھسی ہاں شہر دے لچیاں نال
اج سِسکنی ہاں کدی جی مردی، فرحت شاہ جہیاں جِیاں سُچیاں نال

ਮਾਪੇ ਆਖਦੇ ਪਏ ਹਨ ਜੋਗੀਆ ਵੇ, ਧੀ ਹੀਰ ਵਿਆ੍ਹਣੀ ਏਉਂ ਚੀਆਂ ਨਾਲ਼
ਰਾਂਝਣ ਯਾਰ ਦਾ ਜੋੜ ਰਲ਼ਾਵੰਦੇ ਸਨ, ਕਦੀ ਕੋਝੀਆਂ ਨਲ਼ ਕਦੀ ਟੁਚਿੱਆਂ ਨਾਲ਼
ਬਖ਼ਤਾਂ ਹਾਰੀ ਮੈਂ ਹੀਰ ਹੋ ਲਾਵਾਰਿਸ, ਅੜਫਸੀ ਹਾਂ ਸ਼ਹਿਰ ਦੇ ਲੁੱਚੀਆਂ ਨਾਲ਼
ਅੱਜ ਸਿੱਕਨੀ ਹਾਂ ਕਦੀ ਜੀ ਮਰਦੀ, ਫ਼ਰਹਤ ਸ਼ਾਹ ਜਿਹੀਆਂ ਜੀਆਂ ਸੱਚੀਆਂ ਨਾਲ਼

51

سچ آکھدی جوگیا سونہہ رب دی کسے نازک روگ دا پلیا ہا
جداں ویدھی ہم انج لگدا ہائی کتھے دور دُراڈڑے چلّیا ہا
ان ڈِٹھڑی کسے بے چارگی دا، مینڈے رانجھنے در چا ملّیا ہا
سمجھ سکّی نہ ہیر کہ رب سائیں، میرے واسطے رانجھنا گھلّیا ہا

ਸੱਚ ਆਖਦੀ ਜੋਗੀਆ ਸਹੁੰ ਰੱਬ ਦੀ, ਕਿਸੇ ਨਾਜ਼ੁਕ ਰੋਗ ਦਾ ਪਲ਼ਿੱਆ ਹਾ
ਜੱਦਾਂ ਵਿਹਦੀ ਹਮ ਇੰਞ ਲਗਦਾ ਹਾਈ, ਕਿੱਥੇ ਦੂਰ ਦੁਰਾਡੜੇ ਚੱਲਿਆ ਹਾ
ਅਣ ਡਿਠੜੀ ਕਿਸੇ ਬੇਚਾਰਗੀ ਦਾ, ਮੈਂਡੇ ਰਾਂਝਣੇ ਦਰ ਚਾ ਮਿਲਿਆ ਹਾ
ਸਮਝ ਸਕੀ ਨਾ ਹੀਰ ਕਿ ਰੱਬ ਸਾਈਂ, ਮੇਰੇ ਵਾਸਤੇ ਰਾਂਝਣਾ ਘੱਲਿਆ ਹਾ

52

اُلٹ ہوئی تقدیر تے بخت ہاری، ہتھ وس نہ رہیا نصیب میرا
نِت راہواں جو ملّ کھلووندا ہائی، گیا وطن وی چھُٹا غریب میرا
ہِک واری اجھی میں اُجڑی ہاں، ساہ ساہ گیا بن صلیب میرا
مُڑ اِنج ہویا مینوں لگدا ہائی، ہویا شہر دا شہر رقیب میرا

ਉਲਟ ਹੋਈ ਤਕਦੀਰ ਤੇ ਬਖ਼ਤ ਹਾਰੀ, ਹੱਥ ਵੱਸ ਨਾ ਰਿਹਾ ਨਸੀਬ ਮੇਰਾ
ਨਿੱਤ ਰਾਹਵਾਂ ਜੋ ਮੱਲ ਖਲੇਵੰਆ ਹਾਈ, ਗਿਆ ਵਤਨ ਵੀ ਛੁਟਾ ਗ਼ਰੀਬ ਮੇਰਾ
ਹਿੱਕ ਵਾਰੀ ਅਜਿਹੀ ਮੈਂ ਉਜੜੀ ਹਾਂ, ਸਾਹ ਸਾਹ ਗਿਆ ਬਣ ਸਲੀਬ ਮੇਰਾ
ਮੁੜ ਇੰਜ ਹੋਇਆ ਮੈਨੂੰ ਲਗਦਾ ਹਾਈ, ਹੋਇਆ ਸ਼ਹਿਰ ਦਾ ਸ਼ਹਿਰ ਰਕੀਬ ਮੇਰਾ

53

ہیر آکھیا روگ ہجر دا وی سِدھا پھٹ جگر تے لاوندا ای
ہر پل ناسُور دی پِیڑ وانگوں، پیا اندروں اندری کھاوندا ای
سر چیندائی میسنے سپ وانگوں، ہک وار تاں موت وکھاوندا ای
باقی ایوِیں ای گلاں بنیاں ہن کہڑا رُٹھڑے یار مناوندا ای

ਹੀਰ ਆਖਿਆ ਰੋਗ ਹਿਜਰ ਦਾ ਵੀ ਸਿੱਧਾ ਫੱਟ ਜਿਗਰ ਤੇ ਲਾਵੰਦਾ ਈ
ਹਰ ਪਲ ਨਾਸੂਰ ਦੀ ਪੀੜ ਵਾਂਗੂੰ, ਪਿਆ ਅੰਦਰੋਂ ਅੰਦਰੀ ਖਾਵੰਦਾ ਈ
ਸਿਰ ਚੀਨਦਾਈ ਮੀਸਣੇ ਸੱਪ ਵਾਂਗੂੰ, ਹਿੱਕ ਵਾਰ ਤਾਂ ਮੌਤ ਵਖਾਵੰਦਾ ਈ
ਬਾਕੀ ਐਵੇਂ ਈ ਗੱਲਾਂ ਬਣੀਆਂ ਹਨ, ਕਿਹੜਾ ਰੁਠੜੇ ਯਾਰ ਮਨਾਵੰਦਾ ਈ

54

ہیر آکھیا موت ہے برحقی، پر میں مرنا ایں منّ مندا نہیں
ہر جان تے جان اُدھاری ہے ایہہ، دکھ جرنایں منّ مندا نہیں
حاکم ہوئے جاں بندا ای بندیاں تے، رب توں ڈرنا ایں منّ مندا نہیں
جیس کیتا اے جہڑا وی کم بھیڑا، اوہو بھرنا ایں منّ منا نہیں

ਹੀਰ ਆਖਿਆ ਮੌਤ ਹੈ ਬਰਹਕੀ, ਪਰ ਮੈਂ ਸਰਨਾਏਂ ਮੰਨ ਮੰਨਦਾ ਨਹੀਂ
ਹਰ ਜਾਣ ਤੇ ਜਾਨ ਉਧਾਰੀ ਹੈ ਇਹ, ਦੁੱਖ ਜਰਨਾਏਂ ਮੰਨ ਮੰਨਦਾ ਨਹੀਂ
ਹਾਕਮ ਹੋਏ ਜਾਂ ਬੰਦਾ ਈ ਬੰਦਿਆਂ ਤੇ, ਰੱਬ ਤੋਂ ਡਰਨਾਏਂ ਮੰਨ ਮੰਨਦਾ ਨਹੀਂ
ਜਿਸ ਕੀਤਾ ਏ ਜਿਹੜਾ ਵੀ ਕੰਮ ਭੈੜਾ, ਉਹੋ ਭਰਨਾਏਂ ਮੰਨ ਮਨਾ ਨਹੀਂ

55

کوئی اج دی گل نہیں ظلم تیرا، توں تدوں دا ای ظالم ہویا ایں
تینوں خوف رہیائے نِت سچیاں توں، توں جدوں دا ای حاکم ہویا ایں
تیرے جبر دی گل کوئی اج دی نہیں، توں تے صدیاں توں شاتم ہویا ایں
عِلماں فضلاں نُوں، نت کُچلیا تُوں، بھاویں جتنا وی عالم ہویا ایں

ਕੋਈ ਅੱਜ ਦੀ ਗੱਲ ਨਹੀਂ ਜ਼ੁਲਮ ਤੇਰਾ, ਤੂੰ ਤਦੋਂ ਦਾ ਈ ਜ਼ਾਲਮ ਹੋਇਆ ਏਂ
ਤੈਨੂੰ ਖ਼ੌਫ਼ ਰਹਆਏ ਨਿੱਤ ਸੁੱਚੀਆਂ ਤੋਂ, ਤੂੰ ਜਦੋਂ ਦਾ ਈ ਹਾਕਮ ਹੋਇਆ ਏਂ
ਤੇਰੇ ਜਬਰ ਦੀ ਗੱਲ ਕੋਈ ਅੱਜ ਦੀ ਨਹੀਂ, ਤੂੰ ਤੇ ਸਦੀਆਂ ਤੋਂ ਸ਼ਾਤਮ ਹੋਇਆ ਏਂ
ਇਲਮਾਂ ਫ਼ਜ਼ਲਾਂ ਨੂੰ, ਨਿੱਤ ਕੁਚਲਿਆ ਤੂੰ, ਭਾਵੇਂ ਜਿਤਨਾ ਵੀ ਆਲਮ ਹੋਇਆ ਏਂ

56

شروع عیسیٰ توں کراں جے گل اپنی، اوہ آن قذافی تے پہنچدی اے
کربلا چ تُساں جو کار کیتی، بھلا کدوں تلافی تے پہنچدی اے
ہِک دھن دولت دُوجی بادشاہی تیجی وڈھی صحافی تے پہنچدی اے
توں تے میرے جہے کملے وی ٹنگ چھڈے، جہدی اکّھ نہ مافی تے پہنچدی اے

ਸ਼ੁਰੂ ਈਸਾ ਤੋਂ ਕਰਾਂ ਜੇ ਗੱਲ ਆਪਣੀ, ਉਹ ਆਣ ਕਜ਼ਾਫ਼ੀ ਤੇ ਪਹੁੰਚਦੀ ਏ
ਕਰਬਲਾ ਚ ਤੁਸਾਂ ਜੋ ਕਾਰ ਕੀਤੀ, ਭਲਾ ਕਦੋਂ ਤਲਾਫ਼ੀ ਤੇ ਪਹੁੰਚਦੀ ਏ
ਹਿੱਕ ਧਨ ਦੌਲਤ ਦੂਜੀ ਬਾਦਸ਼ਾਹੀ ਤੀਜੀ ਵੱਢੀ ਸਹਾਫ਼ੀ ਤੇ ਪਹੁੰਚਦੀ ਏ
ਤੂੰ ਤੇ ਮੇਰੇ ਜਿਹੇ ਕਮਲੇ ਵੀ ਟੰਗ ਛੱਡੇ, ਜਿਹਦੀ ਅੱਖ ਨਾ ਮਾਫ਼ੀ ਤੇ ਪਹੁੰਚਦੀ ਏ

57

ہے ایہہ وی گل بڑی کرن آلی، جدوں ہونداے ظُلم اخیر بجا
کوئی مردا اے تیری گولی نل، کسے دل اچ لگدائے تیر بجا
کوئی ہسدا نکل کے چھڑک اتے، ہوندا اے آپے آن اسیر بجا
مڑ لال ہنیرڑی اٹھ دی ہے، دیندی تاج تے تخت نوں چِیر بجا

ਹੈ ਇਹ ਵੀ ਗੱਲ ਬੜੀ ਕਰਨ ਆਲੀ, ਜਦੋਂ ਹੁੰਦਾ ਏ ਜ਼ੁਲਮ ਅਖ਼ੀਰ ਬਜਾ
ਕੋਈ ਮਰਦਾ ਏ ਤੇਰੀ ਗੋਲੀ ਨਲ਼, ਕਿਸੇ ਦਿ ਇਚ ਲਗਦਾ ਏ ਤੀਰ ਬਜਾ
ਕੋਈ ਹੱਸਦਾ ਨਿਕਲ ਕੇ ਛੜਕ ਉਤੇ, ਹੁੰਦਾ ਏ ਆਪੇ ਮਾਣ ਅਸੀਰ ਬਜਾ
ਮੁੜ ਲਾਲ਼ ਹਨੇਰੜੀ ਉਠਦੀ ਹੈ, ਦਿੰਦੀ ਤਾਜ ਤੇ ਤਖ਼ਤ ਨੂੰ ਚੀਰ ਬਜਾ

58

ہیر پچھیا جوگیا دس تاں سہی ظالم مظلوم کتھا کیہ اے
ظالم دی لمڑی رسی دے وچ، مالک دا عدل رضا کیہ اے
کیوں فرق چا رکھیوس بندیاں وچ، ساڈا جمن تے جین قضا کیہ اے
میرے وچ تاں پچھن دی واہ کوئی نہ، اینا دسے کوئی مینوں خُدا کیہ اے

ਹੀਰ ਪੁੱਛਿਆ ਜੋਗੀਆ ਦੱਸ ਤਾਂ ਸਹੀ, ਜ਼ਾਲਿਮ ਮਜ਼ਲੂਮ ਕਥਾ ਕੀ ਏ
ਜ਼ਾਲਮ ਦੀ ਲਮੜੀ ਰੱਸੀ ਦੇ ਵਿਚ, ਮਾਲਿਕ ਦਾ ਅਦਲ ਰਜ਼ਾ ਕੀ ਏ
ਕਿਉਂ ਫ਼ਰਕ ਚਾ ਰੱਖਿਓਸ ਬੰਦਿਆਂ ਵਿਚ, ਸਾਡਾ ਜੰਮਣ ਤੇ ਜੀਨ ਕਜ਼ਾ ਕੀ ਏ
ਮੇਰੇ ਵਿਚ ਤਾਂ ਪੁੱਛਣ ਦੀ ਵਾਹ ਕੋਈ ਨਾ, ਏਨਾ ਦੱਸੇ ਕੋਈ ਮੈਨੂੰ ਖ਼ੁਦਾ ਕੀ ਏ

59

کیہ رمز اے کس دا فیصلہ ہے ساڈا پیراں دے ہیٹھ مِدھیونے دا
رہ گئی نہ میں کسے ہور جوگی، ایہ ہویا اے تینڈری تھِیونے دا
جھڑے ننگ ہن کجیاں نہیں لُکدے، کیہ فیدا اے پاٹڑے سِیونے دا
مینوں موت چ امن امان دِسّے، جو حال توں کِیتائے جِیونے دا

ਕੀ ਰਮਜ਼ ਏ ਕਿਸ ਦਾ ਫ਼ੈਸਲਾ ਹੈ, ਸਾਡਾ ਪੈਰਾਂ ਦੇ ਹੇਠ ਮਿਧੀਵਣੇ ਦਾ
ਰਹਿ ਗਈ ਨਾ ਮੈਂ ਕਿਸੇ ਹੋਰ ਜੋਗੀ, ਇਹ ਹੋਇਆ ਏ ਤੀਨਡਰੀ ਥੀਵਣੇ ਦਾ
ਜਿਹੜੇ ਨੰਗ ਹਨ ਕੁੱਜਿਆਂ ਨਹੀਂ ਲੁਕਦੇ, ਕੀ ਫ਼ਾਇਦਿ ਪਾਟੜੇ ਸੀਵਣੇ ਦਾ
ਮੈਨੂੰ ਮੌਤ ਚ ਅਮਨ ਈਮਾਨ ਦੱਸੇ, ਜੋ ਹਾਲ ਤੂੰ ਕੀਤਾਏ ਜੀਵਣੇ ਦਾ

60

ہیر آکھیا جوگیا رانجھنے وچ، ہائی وکھرا حُسن جمال عجب
مس لہندی سوہنی لگدی ہس، ہاسوں سوہنا ہک ہک وال عجب
اوہدے ناز عجب اوہدے راز عجب، اوہدے قدم عجب اوہدی چال عجب
اوہ جِتنا باہروں ِکھلدا ہائی، ہاسوں اندرے کوئی ملال عجب

ਹੀਰ ਆਖਿਆ ਜੋਗੀਆ ਰਾਂਝਣੇ ਵਿਚ, ਹਾਈ ਵੱਖਰਾ ਹੁਸਨ ਜਮਾਲ ਅਜਬ
ਮਸ ਲਹਿੰਦੀ ਸੋਹਣੀ ਲਗਦੀ ਹੱਸ, ਹਾਸੁ ਸੋਹਣਾ ਹਿੱਕ ਹਿੱਕ ਵਾਲ਼ ਅਜਬ
ਉਹਦੇ ਨਾਜ਼ ਅਜਬ ਉਹਦੇ ਰਾਜ਼ ਅਜਬ, ਉਹਦੇ ਕਦਮ ਅਜਬ ਉਹਦੀ ਚਾਲ ਅਜਬ
ਉਹ ਜਿਤਨਾ ਬਾਹਰੋਂ ਖਿਲਦਾ ਹਾਈ, ਹਾਸੁਂ ਅੰਦਰੇ ਕੋਈ ਮਲਾਲ ਅਜਬ

61

میں ماں دی مت اِچ گئی ماری، میں جانیا فرق فریق اِچ اے
میں سمجھیا ماما مارڑا اے، جھڑا قد توں ودھ اُڈیک اِچ اے
اُچا سمجھیا سی میں دادکاں نوں، بادشاہی جوں ہتھ دی لیک اِچ اے
دل اوتھے چا سٹیائے قِسمتاں تے، جو نہ غلط اچ اے تے نہ ٹھیک اِچ اے

ਮੈਂ ਮਾਂ ਦੀ ਮੱਤ ਇੱਚ ਗਈ ਮਾਰੀ, ਮੈਂ ਜਾਣਿਆ ਫ਼ਰਕ ਫ਼ਰੀਕ ਇੱਚ ਏ
ਮੈਂ ਸਮਝਿਆ ਮਾਮਾ ਮਾਰੜਾ ਏ, ਜਿਹੜਾ ਕੱਦ ਤੋਂ ਵੱਧ ਉਡੀਕ ਇੱਚ ਏ
ਉੱਚਾ ਸਮਝਿਆ ਸੀ ਮੈਂ ਦਾਦਕਾਂ ਨੂੰ, ਬਾਦਸ਼ਾਹੀ ਜੌਂ ਹੱਥ ਦੀ ਲੇਕ ਇੱਚ ਏ
ਦਿਲ ਓਥੇ ਚਾ ਸਟਿਆਏ ਕਿਸਮਤਾਂ ਤੇ, ਜੋ ਨਾ ਗ਼ਲਤ ਇੱਚ ਏ ਤੇ ਨਾ ਠੀਕ ਇੱਚ ਏ

62

انج پیار ہاس شاہ دا نال میرے، جِویں عشق مجاز دا ربّ ہووے
اوس ہک دے نل مینوں لگدا ہائی، جھولی وچ جِویں جگ سبھ ہووے
ہُن یاد آندائے اوہ چاہوندا ہا، جو ہوونا ہے جھب جھب ہووے
سُن جوگیا رب وی تاں ملدائے، جیکر لین آلے نوں کوئی ڈھب ہووے

ਇੰਜ ਪਿਆਰ ਹਸ ਸ਼ਾਹ ਦਾ ਨਾਲ਼ ਮੇਰੇ, ਜਿਵੇਂ ਇਸ਼ਕ ਮਜਾਜ਼ ਦਾ ਰੱਬ ਹੋਵੇ
ਓਸ ਹਿੱਕ ਦੇ ਨਲ਼ ਮੈਨੂੰ ਲਗਦਾ ਹਾਈ, ਝੋਲ਼ੀ ਵਿਚ ਜਿਵੇਂ ਜੱਗ ਸੱਭ ਹੋਵੇ
ਹੁਣ ਯਾਦ ਆਂਦਾਏ ਉਹ ਚਾਹੁੰਦਾ ਹਾ, ਜੋ ਹੋਵਣਾ ਹੈ ਝਬ ਝੱਬ ਹੋਵੇ
ਸੁਣ ਜੋਗੀਆ ਰੱਬ ਵੀ ਤਾਂ ਮਲਦਾਏ, ਜੇਕਰ ਲੈਣ ਆਲੇ ਨੂੰ ਢੱਬ ਹੋਵੇ

63

ہائی ساڈا نہ کدی وی چھوہ بُڈدا، اُس پاسیوں منگن دی ڈِھلھ کائی ناہی
ہائی ڈھیر چانن مینڈے رانجھنے نُوں، کوئی ایڈا وی اوہ پاگل کائی ناہی
پورے سُورے جے اوہ وی ہین سارے اودوں ساڈی وی تاں کوئی مِل کائی ناہی
ہائی میرڑے دِل وچ بے ایمانی، رانجھن دی تاں اکھ چ تِل کائی ناہی

ਹਾਈ ਸਾਡਾ ਨਾ ਕਦੀ ਵੀ ਛੂਹ ਬੁਡਦਾ, ਓਸ ਪਾਸਿਓਂ ਮੰਗਣ ਦੀ ਢਿੱਲ ਕਾਈ ਨਾਹੀ
ਹਾਈ ਢੇਰ ਚਾਨਣ ਮੈਂਡੇ ਰਾਂਝਣੇ ਨੂੰ, ਕੋਈ ਏਡਾ ਵੀ ਉਹ ਪਾ ਗਲ ਕਾਈ ਨਾਹੀ
ਪੂਰੇ ਸੂਰੇ ਜੇ ਉਹ ਵੀ ਹਨ ਸਾਰੇ, ਉਦੋਂ ਸਾਡੀ ਵੀ ਤਾਂ ਕੋਈ ਮਿੱਲ ਕਾਈ ਨਾਹੀ
ਹਾਈ ਮੇਰੜੇ ਦਿਲ ਵਿਚ ਬੇਈਮਾਨੀ, ਰਾਂਝਣ ਦੀ ਤਾਂ ਅੱਖ ਚ ਤਿੱਲ ਕਾਈ ਨਾਹੀ

64

کجھ میں وی اُکّا ای نہیں مُجرم، گل ہووندی اے دل آوے دی
کد دل دی بازی نہیں کھیڈ ہوندی تُرٹ پئے مٹی دے باوے دی
ہر رُت ہے اوہدیاں مرضیاں دی، کدیں پیلے دی کدیں ساوے دی
اُس ویلڑے تاں من مرضی دی آہی اج رہ گئی اے پچھوتاوے دی

ਕੁੱਝ ਮੈਂ ਵੀ ਉੱਕਾ ਈ ਨਹੀਂ ਮੁਜਰਮ, ਗੱਲ ਹੋਵੰਦੀ ਏ ਦਿਲ ਆਵੇ ਦੀ
ਕਦ ਦਲ ਦੀ ਬਾਜ਼ੀ ਨਹੀਂ ਖੇਡ ਹੁੰਦੀ ਤੁਰਟ ਪਏ ਮਿੱਟੀ ਦੇ ਬਾਵੇ ਦੀ
ਹਰ ਰੁੱਤ ਹੈ ਉਹਦੀਆਂ ਮਰਜ਼ੀਆਂ ਦੀ, ਕਦੀਂ ਪੀਲੇ ਦੀ ਕਦੀਂ ਸਾਵੇ ਦੀ
ਓਸ ਵੇਲੜੇ ਤਾਂ ਮਨ ਮਰਜ਼ੀ ਦੀ ਆਹੀ, ਅੱਜ ਰਹਿ ਗਈ ਏ ਪਛੋਤਾਵੇ ਦੀ

65

پیا عشق کسے دے پلڑے وِچ، نہ ربّ دی جھلک نصیب ہوئی
نہ وصل دی اصل حصول لبھی، نہ ہجرت شہرِ حبیب ہوئی
نہ ای کھوٹ سی دِلاں توں دُور ہویا، نہ ای پریت دی رِیت قریب ہوئی
کیہی ول فریب دی رُت آہی، جِتھے سِدھڑی سیدھ صلیب ہوئی

ਪਿਆ ਇਸ਼ਕ ਕਿਸੇ ਦੇ ਪੱਲੜੇ ਵਿਚ, ਨਾ ਰੱਬ ਦੀ ਝਲਕ ਨਸੀਬ ਹੋਈ
ਨਾ ਵਸਲ ਦੀ ਅਸਲ ਹਸੂਲ ਲੱਭੀ, ਨਾ ਹਿਜਰਤ ਸ਼ਹਿਰ-ਏ-ਹਬੀਬ ਹੋਈ
ਨਾ ਈ ਖੋਟ ਸੀ ਦਿਲਾਂ ਤੋਂ ਦੂਰ ਹੋਇਆ, ਨਾ ਈ ਪ੍ਰੀਤ ਦੀ ਰੀਤ ਕਰੀਬ ਹੋਈ
ਕੇਹੀ ਵੱਲ ਫ਼ਰੇਬ ਦੀ ਰੁੱਤ ਆਹੀ, ਜਿਥੇ ਸਿਧੜੀ ਸੇਧ ਸਲੀਬ ਹੋਈ

66

ہیر پچھیا جوگیا بولدا نہیں، نہ بھُکھ اج دی نہ ای دُکھ اجّ دا
نہ کل کوئی حرصی رجدا ہائی، نہ ای اج کوئی دولت وند رجّدا
نہ کل کوئی پردا پاؤندا ہائی نہ ای عیب پیا کوئی اج کجّدا
ہُن لگدائے دن اوہ گُزر چُکے، جد ہا کِسّے سانگ تے سِر سجّدا

ਹੀਰ ਪੁੱਛਿਆ ਜੋਗੀਆ ਬੋਲਦਾ ਨਹੀਂ, ਨਾ ਭੁੱਖ ਅੱਜ ਦੀ ਨਾ ਈ ਦੁੱਖ ਅੱਜਦਾ
ਨਾ ਕੱਲ੍ਹ ਕੋਈ ਹਿਰਸੀ ਰੱਜਦਾ ਹਾਈ, ਨਾ ਈ ਅੱਜ ਕੋਈ ਦੌਲਤ ਵੰਦ ਰੱਜਦਾ
ਨਾ ਕੱਲ੍ਹ ਕੋਈ ਪਰਦਾ ਪਾਉਂਦਾ ਹਾਈ, ਨਾ ਈ ਐਬ ਪਿਆ ਕੋਈ ਅੱਜ ਕੱਜਦਾ
ਹੁਣ ਲਗਦਾ ਏ ਦਿਨ ਉਹ ਗੁਜ਼ਰ ਚੁੱਕੇ, ਜਦ ਹਾ ਕਿਸੇ ਸਾਂਗ ਤੇ ਸਿਰ ਸੱਜਦਾ

67

ہیر آکھیا جوگیا دل کردائے جگ امن تے خیر دی خبر ہووے
نہ گھٹ ہووے کوئی دُوجیاں توں، کوئی زیر ہووے نہ ای زبر ہووے
نہ ای ماڑیاں تے کوئی جبر ہووے، نہ ای دُور ضمیر توں صبر ہووے
جتھے رُکھ ہوون اُتھے گھر ہووے جتھے چُپ ہووے اوتھے قبر ہووے

ਹੀਰ ਆਖਿਆ ਜੋਗੀਆ ਦਿਲ ਕਰਦਾਏ ਜੱਗ ਅਮਨ ਤੇ ਖ਼ੈਰ ਦੀ ਖ਼ਬਰ ਹੋਵੇ
ਨਾ ਘੱਟ ਹੋਵੇ ਕੋਈ ਦੂਜਿਆਂ ਤੋਂ, ਕੋਈ ਜ਼ੇਰ ਹੋਵੇ ਨਾ ਈ ਜ਼ਬਰ ਹੋਵੇ
ਨਾ ਈ ਮਾੜੀਆਂ ਤੇ ਕੋਈ ਜਬਰ ਹੋਵੇ, ਨਾ ਈ ਦੂਰ ਜ਼ਮੀਰ ਤੋਂ ਸਬਰ ਹੋਵੇ
ਜਿਥੇ ਰੱਖ ਹੋਵਣ ਇਥੇ ਘਰ ਹੋਵੇ, ਜਿਥੇ ਚੁੱਪ ਹੋਵੇ ਓਥੇ ਕਬਰ ਹੋਵੇ

68

ہیر آکھیا جوگیا جگ مویا، جِتھے جھوٹھے تے چول پئے جج ہوون
روٹی بوٹی دے ترسے دیگ پِیڑن، مُڈھ ازل دے بھُکھے نہ رج ہوون
جہڑے اُتوں پئے لگن مُتّبرے جہے، وِچوں اصلوں سَئے بے چج ہوون
منصف ہووے جے حیدر کرار ورگا، شاہ کول تاں چھجاں دے چھج ہوون

ਹੀਰ ਆਖਿਆ ਜੋਗੀਆ ਜੱਗ ਮੋਇਆ, ਜਿਥੇ ਝੂਠੇ ਤੇ ਚਵਲ ਪਏ ਜੱਜ ਹੋਵਣ
ਰੋਟੀ ਬੋਟੀ ਦੇ ਤਰਸੇ ਦੇਗ ਪੀੜਨ, ਮੁੜ ਅਜ਼ਲ ਦੇ ਭੁੱਖੇ ਨਾ ਰੱਜ ਹੋਵਣ
ਜਿਹੜੇ ਉਤੋਂ ਪਏ ਲਗਣ ਮੁੱਤਬਰੇ ਜਿਹੇ, ਵਿਚੋਂ ਅਸਲੋਂ ਸੈ ਬੇ ਚੱਜ ਹੋਵਣ
ਮੁਨਸਿਫ਼ ਹੋਵੇ ਜੇ ਹੈਦਰ ਕਰਾਰ ਵਰਗਾ, ਸ਼ਾਹ ਕੋਲ਼ ਤਾਂ ਛੱਜਾਂ ਦੇ ਛੱਜ ਹੋਵਣ

69

ججا دس کھاں ظالما کنجرا وے، کسے ماڑے دا کدی انصاف کیتائے
نو دولتیاں دے نال بہہ کے، چک پیر تے جُوت چا صاف کیتائے
کدیں بولی اُوتگڑے نوں سزا کائی، کدی کسے غریب نوں معاف کیتائے
پائی نوکری چاکری چکّراں وچ، خالی محل منارے طواف کیتائے

ਜੱਜਾ ਦੱਸ ਖਾਂ ਜ਼ਾਲਮਾ ਕੰਜਰਾ ਵੇ, ਕਿਸੇ ਮਾੜੇ ਦਾ ਕਦੀ ਇਨਸਾਫ਼ ਕੀਤਾਏ
ਨੌ ਦੋਲਤੀਆਂ ਦੇ ਨਾਲ਼ ਬਹਿ ਕੇ, ਚੁੱਕ ਪੈਰ ਤੇ ਜੂਤ ਚਾ ਸਾਫ਼ ਕੀਤਾਏ
ਕਦੀਂ ਬੋਲੀ ਉ ਤਗੜੇ ਨੂੰ ਸਜ਼ਾ ਕਾਈ, ਕਦੀ ਕਿਸੇ ਗ਼ਰੀਬ ਨੂੰ ਮਾਫ਼ ਕੀਤਾਏ
ਪਾਈ ਨੌਕਰੀ ਚਾਕਰੀ ਚੱਕਰਾਂ ਵਿਚ, ਖ਼ਾਲੀ ਮਹਿਲ ਮੁਨਾਰੇ ਤਵਾਫ਼ ਕੀਤਾਏ

70

ہیر پُچھیا جوگیا بھیڑیا وے، میرے دُکھاں دا کو ئی علاج دسّیں
کیویں وقت دی واگ نوں موڑ سکّاں، میرے جُرماں دا کوئی خراج دسّیں
کیوں فرحت دا پیار نہ سمجھ سکّی، کیوں ڈِٹھا نہ سِر دا تاج دسّیں
ہُن کلّم اکلی دا کیہ بنسی، مینوں دُنیا دے رسم رواج دسّیں

ਹੀਰ ਪੁੱਛਿਆ ਜੋਗੀਆ ਭੱੜਿਆ ਵੇ, ਮੇਰੇ ਦੁੱਖਾਂ ਦਾ ਕੋਈ ਇਲਾਜ ਦੱਸੀਂ
ਕਿਵੇਂ ਵਕਤ ਦੀ ਵਾਗ ਨੂੰ ਮੋੜ ਸਕਾਂ, ਮੇਰੇ ਜੁਰਮਾਂ ਦਾ ਕੋਈ ਖ਼ਰਾਜ ਦੱਸੀਂ
ਕਿਉਂ ਫ਼ਰਹਤ ਦਾ ਪਿਆਰ ਨਾ ਸਮਝ ਸਕੀ, ਕਿਉਂ ਡਿੱਠਾ ਨਾ ਸਿਰ ਦਾ ਤਾਜ ਦੱਸੀਂ
ਹੁਣ ਕਲੱਮ ਇਕੱਲੀ ਦਾ ਕੀ ਬੰਸੀ, ਮੈਨੂੰ ਦੁਨੀਆ ਦੇ ਰਸਮ ਰਿਵਾਜ ਦੱਸੀਂ

71

غین غرض تے عشق دی جنگ ہوئی، کوئی چوکس تے کوئی ملنگ ہویا
غین غرض نے فیدے نوں فوق جاتا، فیدا ہویا تے ڈنگ دا ڈنگ ہویا
عین عشق نے جان نوں آکھ دتا، عین جان جے جان دا سنگ ہویا
اج غرض نوں رُلدیاں لوک ویکھن، اُچا عشق دا دنیا تے رنگ ہویا

ਗ਼ੈਨ ਗ਼ਰਜ਼ ਤੇ ਇਸ਼ਕ ਦੀ ਜੰਗ ਹੋਈ, ਕੋਈ ਚੌਕਸ ਤੇ ਕੋਈ ਮਲੰਗ ਹੋਇਆ
ਗ਼ੈਨ ਗ਼ਰਜ਼ ਨੇ ਫ਼ੈਦੇ ਨੂੰ ਫ਼ੌਕ ਜਾਤਾ, ਫ਼ਾਇਦਾ ਹੋਇਆ ਤੇ ਡੰਗ ਦਾ ਡੰਗ ਹੋਇਆ
ਐਨ ਇਸ਼ਕ ਨੇ ਜਾਨ ਨੂੰ ਆਖ ਦਿੱਤਾ, ਐਨ ਜਾਣ ਜੇ ਜਾਨ ਦਾ ਸੰਗ ਹੋਇਆ
ਅੱਜ ਗ਼ਰਜ਼ ਨੂੰ ਰੁਲਦਿਆਂ ਲੋਕ ਵੇਖਣ, ਉੱਚਾ ਇਸ਼ਕ ਦਾ ਦੁਨੀਆ ਤੇ ਰੰਗ ਹੋਇਆ

72

ہیر آکھیا لوکاں نوں دس جوگی کرن اپنا دِلوں سُدھار پہلے
کسے ہور دا جاچنا پرکھنا کیہ، خود ہوئے نہ آپ آشکار پہلے
کر لعنتاں حرص دی بھنگ اُتے' سدا پیونا سچ من ٹھار پہلے
جدوں حق دے کھوہن دا وقت آوے پھڑ لِتّراں لبھن سرکار پہلے

ਹੀਰ ਆਖਿਆ ਲੋਕਾਂ ਨੂੰ ਦੱਸ ਜੋਗੀ ਕਰਨ ਅਪਣ ਦਿਲੋਂ ਸੁਧਾਰ ਪਹਿਲੇ
ਕਿਸੇ ਹੋਰ ਦਾ ਜਾਚਨਾ ਪਰਖਣਾ ਕੀ, ਖ਼ੁਦ ਹੋਏ ਨਾ ਆਪ ਅਸ਼ਕਾਰ ਪਹਿਲੇ
ਕਰ ਲਾਨਤਾਂ ਹਿਰਸ ਦੀ ਭੰਗ ਉੱਤੇ' ਸਦਾ ਪਵਿਣਾ ਸੱਚ ਮੰਨ ਠਾਰ ਪਹਿਲੇ
ਜਦੋਂ ਹੱਕ ਦੇ ਖੋਹਣ ਦਾ ਵਕਤ ਆਵੇ, ਫੜ ਲਿੱਤਰਾਂ ਲਭੱਣ ਸਰਕਾਰ ਪਹਿਲੇ

73

ہیرے دُنیا نوں چھوڑ اویرڑے ہو، دس کس ہمراز نوں مار دتا
ماں، پیو دی باغی اولاد کیتی، وچے ادب لحاظ نُوں مار دتا
جہڑا پیو ہائی بچے نوں رب دسُّو، اوہدے دل نوں ساڑ کے مار دتا
جُھوٹھو جُھوٹھ اناواں دے گل لگ کے، پہلے اڈن توں باز نوں مار دتا

ਹੀਰੇ ਦੁਨੀਆ ਨੂੰ ਛੋੜ ਅਵੈਰੜੇ ਹੋ, ਦਸ ਕਿਸ ਹਮਰਾਜ਼ ਨੂੰ ਮਾਰ ਦਿੱਤਾ
ਮਾਂ, ਪਿਓ ਦੀ ਬਾਗ਼ੀ ਔਲਾਦ ਕੀਤੀ, ਵਿਚੇ ਅਦਬ ਲਿਹਾਜ਼ ਨੂੰ ਮਾਰ ਦਿੱਤਾ
ਜਿਹੜਾ ਪਿਓ ਹਾਈ ਬੱਚੇ ਨੂੰ ਰੱਬ ਦੱਸੂ, ਉਹਦੇ ਦਿਲ ਨੂੰ ਸਾੜ ਕੇ ਮਾਰ ਦਿੱਤਾ
ਝੂਠੇ ਝੂਠ ਅਨਾਵਾਂ ਦੇ ਗਲ ਲੱਗ ਕੇ' ਪਹਿਲੇ ਉੱਡਣ ਤੋਂ ਬਾਜ਼ ਨੂੰ ਮਾਰ ਦਿੱਤਾ

74

بھیناں بھائیاں دے رشتے مذاق بن گئے پیسے کھوہ لئے پیار خلوص ہیرے
وڈے وڈے قبیلے وی مُک مر گئے رُل گئے نی نام ناموس ہیرے
جیس کول بندیائی ہے بچ جاندی، جاندار اوس دا نکّل جلُوس ہیرے
بنداجاوے تے جاوے وی کس پاسے، راہندے تھل تے دسدے نیں سُوس ہیرے

ਭੈਣਾਂ ਭਾਈਆਂ ਦੇ ਰਿਸ਼ਤੇ ਮਜ਼ਾਕ ਬਣ ਗਏ, ਪੈਸੇ ਖੋਹ ਲਏ ਪਿਆਰ ਖ਼ਲੂਸ ਹੀਰੇ
ਵੱਡੇ ਵੱਡੇ ਕਬੀਲੇ ਵੀ ਮੁੱਕ ਮਰ ਗਏ, ਰੁਲ਼ ਗਏ ਨੀ ਨਾਮ ਨਾਮੋਸ ਹੀਰੇ
ਜਿਸ ਕੋਲ਼ ਬੰਦਿਆਈ ਹੈ ਬਚ ਜਾਂਦੀ, ਜਾਂਦਾ ਉਸ ਦਾ ਨੱਕਲ਼ ਜਲੂਸ ਹੀਰੇ
ਬੰਦਾ ਜਾਵੇ ਤੇ ਜਾਵੇ ਵੀ ਕਿਸ ਪਾਸੇ, ਰਾਂਹਦੇ ਥਲ ਤੇ ਦੱਸਦੇ ਨੇਂ ਸੂਸ ਹੀਰੇ

75

ہیر آکھیا جوگیا اکھ کھولیں، ویکھیں فوج نے موج کیہ لائی ہوئی اے
مرن مورچے ٹھوکدے بال ساڈے دھاک دھونس جرنیلاں بنائی ہوئی اے
سانوں دسن پئے رُتبے شہادتاں دے وچوں وچ دُکان چمکائی ہوئی اے
فرحت شاہ جی کھیڈ اے کرسیاں دی، اپنی کھری تے ساڈی ونجائی ہوئی اے

ਹੀਰ ਆਖਿਆ ਜੋਗੀਆ ਅੱਖ ਖੋਲੀਂ, ਵੇਖੀਂ ਫ਼ੌਜ ਨੇ ਮੌਜ ਕੀ ਲਾਈ ਹੋਈ ਏ
ਮਰਨ ਮੋਰਚੇ ਠੋਕਦੇ ਬਾਲ ਸਾਡੇ, ਧਾਕ ਧੌਂਸ ਜਰਨੈਲਾਂ ਬਣਾਈ ਹੋਈ ਏ
ਸਾਨੂੰ ਦੱਸਣ ਪਏ ਰੁਤਬੇ ਸ਼ਹਾਦਤਾਂ ਦੇ, ਵਿਚੋਂ ਵਿਚ ਦੁਕਾਨ ਚਮਕਾਈ ਹੋਈ ਏ
ਫ਼ਰਹਤ ਸ਼ਾਹ ਜੀ ਖੇਡ ਏ ਕੁਰਸੀਆਂ ਦੀ, ਆਪਣੀ ਖਰੀ ਤੇ ਸਾਡੀ ਵੰਜਾਈ ਹੋਈ ਏ

76

جتھے چرسی تے بھنگی وزیر ہوون، اوس مُلکھ ریاست دی خیر ہووے
جتھے بُوٹ دا شُوٹ ہو پِٹھ اُتے جتھے سینے تے ٹینک دا ٹَیر ہووے
جتھے سچے دے سچ توں خوف ہووے، سچّی جیبھ تے تگڑے دا پَیر ہووے
کیہن وطن تے بھرن پئے گھر اپنا، جے کوئی بولے تے متھے تے فیر ہووے

ਜਿਥੇ ਚਰਸੀ ਤੇ ਭੰਗੀ ਵਜ਼ੀਰ ਹੋਵਣ, ਉਸ ਮੁਲਖ ਰਿਆਸਤ ਦੀ ਖ਼ੈਰ ਹੋਵੇ
ਜਿਥੇ ਬੂਟ ਦਾ ਸ਼ੂਟ ਹੋ ਪਿੱਠ ਉਤੇ ਜਥੇ ਸੀਨੇ ਤੇ ਟੈਂਕ ਦਾ ਟੈਰ ਹੋਵੇ
ਜਿਥੇ ਸੁੱਚੇ ਦੇ ਸੱਚ ਤੋਂ ਖ਼ੌਫ਼ ਹੋਵੇ, ਸੱਚੀ ਜੀਭ ਤੇ ਤਗੜੇ ਦਾ ਪੈਰ ਹੋਵੇ
ਕਿਹਣ ਵਤਨ ਤੇ ਭਰਨ ਪਏ ਘਰ ਅਪਣਾ, ਜੇ ਕੋਈ ਬੋਲੇ ਤੇ ਮਿੱਥੇ ਤੇ ਫ਼ੈਰ ਹੋਵੇ

77

تیرے لالاں تے مالاں تے لعنتاں نیں، جہنے دُنیا نوں کھجّل خوار کیتا
تے منافعے اضافے تے حیف ہوئے جہنے لاشاں تے آ کاروبار کیتا
تیرے سود تے کُتے پشاب کردن تے میں آکھاں کہ کرن دا کار کیتا
فرحت شاہ نے جدّ دا بھرم رکھیا، دتا شربت سوں جہنے وی وار کیتا

ਤੇਰੇ ਲਾਲਾਂ ਤੇ ਮਾਲਾਂ ਤੇ ਲਾਅਨਤਾਂ ਨੇਂ, ਜਿਹਨੇ ਦੁਨੀਆ ਨੂੰ ਖੱਜਲ ਖ਼ੁਆਰ ਕੀਤਾ
ਤੇ ਮੁਨਾਫ਼ੇ ਇਜ਼ਾਫ਼ੇ ਤੇ ਹੈਫ਼ ਹੋਏ ਜਿਹਨੇ ਲਾਸ਼ਾਂ ਤੇ ਆ ਕਾਰੋਬਾਰ ਕੀਤਾ
ਤੇਰੇ ਸੂਦ ਤੇ ਕੁਤੇ ਪਿਸ਼ਾਬ ਕਰਦਿਨ ਤੇ ਮੈਂ ਆਖਾਂ ਕਿ ਕਰਨ ਦਾ ਕਾਰ ਕੀਤਾ
ਫ਼ਰਹਤ ਸ਼ਾਹ ਨੇ ਜਦ ਦਾ ਭਰਮ ਰੱਖਿਆ, ਦਿੱਤਾ ਸ਼ਰਬਤ ਸੂੰ ਜਿਹਨੇ ਵੀ ਵਾਰ ਕੀਤਾ

78

ہووے دانش تے لکھ اصول ہوندن من مرضیاں تے من مانیاں دے
سوچ دُور دی سوچنی پے جاندی، نہیں لگّی دا مگر جوانیاں دے
سودے دلاں دے ہوندے نی اصل دے وچ، پیندے چکنے لاڈ بگانیاں دے
فرحت شاہ جی رج کے کھچکنی اے، گل آ گئی ہتھ زنانیاں دے

ਹੋਵੇ ਦਾਨਿਸ਼ ਤੇ ਲੱਖ ਅਸੂਲ ਹੋਂਦਿਨ ਮਨਮਰਜ਼ੀਆਂ ਤੇ ਮਨਮਾਨੀਆਂ ਦੇ
ਸੋਚ ਦੂਰ ਦੀ ਸੋਚਣੀ ਪੈ ਜਾਂਦੀ, ਨਹੀਂ ਲੱਗੀਦਾ ਮਗਰ ਜਵਾਨੀਆਂ ਦੇ
ਸੌਦੇ ਦਿਲਾਂ ਦੇ ਹੁੰਦੇ ਨੀ ਅਸਲ ਦੇ ਵਿਚ,ਪੈਂਦੇ ਚੁੱਕਣੇ ਲਾਡ ਬਿਗਾਨਿਆਂ ਦੇ
ਫ਼ਰਹਤ ਸ਼ਾਹ ਜੀ ਰੱਜ ਕੇ ਖਚਕਨੀ ਏ, ਗੱਲ ਆ ਗਈ ਹੱਥ ਜ਼ਨਾਨੀਆਂ ਦੇ

79

جنگ جدل جلوس جنُون ہوئے، مار مرن دی سوچ ہتھیار بن گئے
دال دلیہ دلیل ذلیل ہوئے، گاف گالی گلوچ ہتھیار بن گئے
جنگاں سمٹ کے پیسے تے آن مُکیاں، پھاہی بِیڑا دبوچ ہتھیار بن گئے
فرحت شاہ نہیں فوجاں دی لوڑ باقی، مکھّی مکّھ ککروچ ہتھیار بن گئے

ਜੰਗ ਜਦਲ਼ ਜਲੂਸ ਜਨੂੰਨ ਹੋਏ, ਮਾਰ ਮਰਨ ਦੀ ਸੋਚ ਹਥਿਆਰ ਬਣ ਗਏ
ਦਾਲ਼ ਦਲੀਆ ਦਲੀਲ ਜ਼ਲੀਲ ਹੋਏ, ਗਾਫ਼ ਗਾਲੀ ਗਲੋਚ ਹਥਿਆਰ ਬਣ ਗਏ
ਜੰਗਾਂ ਸਿਮਟ ਕੇ ਪੈਸੇ ਤੇ ਆਨ ਮੁੱਕੀਆਂ, ਫਾਹੀ ਬੀੜਾ ਦਬੋਚ ਹਥਿਆਰ ਬਣ ਗਏ
ਫ਼ਰਹਤ ਸ਼ਾਹ ਨਹੀਂ ਫ਼ੌਜਾਂ ਦੀ ਲੋੜ ਬਾਕੀ, ਮੱਖੀ ਮੱਖ ਕਕਰੋਚ ਵਿਚ ਹਥਿਆਰ ਬਣ ਗਏ

80

ہیراں گئیاں تے لیراں نی آن بچیاں رانجھے مُکے تے چول چلاک بچ گئے
رشتے منگن تے دیون دی رسم مُکّی، آپے ٹُرے تے ساکاں دے ساک بچ گئے
قابو ہوئے جہے گیتاں تے کوک کولے، لے مُکی تے کھڑک کھڑاک بچ گئے
کِسے عزت تے کِسے نے رزق کھوہیا، ساڈا ککھ نہ رہیا اسیں خاک بچ گئے

ਹੀਰਾਂ ਗਈਆਂ ਤੇ ਲੀਰਾਂ ਨੀ ਆਣ ਬੱਚਿਆਂ ਰਾਂਝੇ ਮੱਕੇ ਤੇ ਚਵਲ ਚਲਾਕ ਬਚ ਗਏ
ਰਿਸ਼ਤੇ ਮੰਗਣ ਤੇ ਦੇਵਣ ਦੀ ਰਸਮ ਮੁੱਕੀ,ਆਪੇ ਟੁਰੇ ਤੇ ਸਾਕਾਂ ਦੇ ਸਾਕ ਬਚ ਗਏ
ਕਾਬੂ ਹੋਏ ਜਿਹੇ ਗੀਤਾਂ ਤੇ ਕੋਕ ਕੋਲੇ,ਲੈ ਮੱਕੀ ਤੇ ਖੜਕ ਖੜਾਕ ਬਚ ਗਏ
ਕਿਸੇ ਇੱਜ਼ਤ ਤੇ ਕਿਸੇ ਨੇ ਰਿਜ਼ਕ ਖੋਹਿਆ, ਸਾਡਾ ਕੱਖ ਨਾ ਰਿਹਾ ਅਸੀਂ ਖ਼ਾਕ ਬਚ ਗਏ

81

عین عشق جے بندے دا پُت ہوندا، رکھ لیندا اوہ بھرم وفا ہیرے
حق سچ نوں منیا اے جیس نے وی، سِر پایا سُو تاج سزا ہیرے
لگ پتے جاندے سبھا کملیاں نُوں، کیہ اے دُکھاں تے سُکھاں دے بھا، ہیرے
جہڑا جہڑا وی اُجڑیا پُجڑیا ہے، من لیندا ای حکم خدا ہیرے

ਐਨ ਇਸ਼ਕ ਜੇ ਬੰਦੇ ਦਾ ਪੁੱਤ ਹੁੰਦਾ, ਰੱਖ ਲੈਂਦਾ ਉਹ ਭਰਮ ਵਫ਼ਾ ਹੀਰੇ
ਹੱਕ ਸੱਚ ਨੂੰ ਮੰਨਿਆ ਏ ਜੇਸ ਨੇ ਵੀ, ਸਿਰ ਪਾਇਆ ਸੁ ਤਾਜ ਸਜ਼ਾ ਹੀਰੇ
ਲੱਗ ਪਤੇ ਜਾਂਦੇ ਸਭਾ ਕਮਲਿਆਂ ਨੂੰ, ਕੀ ਏ ਦੁੱਖਾਂ ਤੇ ਸੁੱਖਾਂ ਦੇ ਭਾ, ਹੀਰੇ
ਜਿਹੜਾ ਜਿਹੜਾ ਵੀ ਉਜੜਿਆ ਪੁਜੜਿਆ ਹੈ, ਮੰਨ ਲੈਂਦਾ ਈ ਹੁਕਮ ਖ਼ੁਦਾ ਹੀਰੇ

82

ہوندی جیم جمہور جے ظرف آلی، مارے جاندے نہ اعلیٰ انسان ہیرے
پھرن بھیس وٹائیکے سجناں دے، وچوں ہوندے بٹیٹ شطان ہیرے
کِینہ کڈھن نہ دِلاں چوں سچیاں دا، وچوں وچ راہندے بے ایمان ہیرے
رہنا ایہناں دے وچ ہے مجبوری، چنگی رہسیں جے رہی انجان ہیرے

ਹੋਂਦੀ ਜੀਸ ਜਮਹੂਰ ਜੇ ਜ਼ਰਫ਼ ਆਲੀ, ਮਾਰੇ ਜਾਂਦੇ ਨਾ ਆਅਲਾ ਇਨਸਾਨ ਹੀਰੇ
ਫਿਰਨ ਭੇਸ ਵਟਾਈਕੇ ਸੱਜਣਾਂ ਦੇ, ਵਿਚੋਂ ਹੁੰਦੇ ਬਟੀਟ ਸ਼ਤਾਨ ਹੀਰੇ
ਕੀਨਾ ਕੱਢਣ ਨਾ ਦਿਲਾਂ ਚੋਂ ਸੱਚੀਆਂ ਦਾ, ਵਿਚੋਂ ਵਿਚ ਰਾਂਹਦੇ ਬੇ ਈਮਾਨ ਹੀਰੇ
ਰਹਿਣਾ ਇਨ੍ਹਾਂ ਦੇ ਵਿਚ ਹੈ ਮਜਬੂਰੀ, ਚੰਗੀ ਰਾਹਸੇਂ ਜੇ ਰਹੀ ਅੰਜਾਣ ਹੀਰੇ

83

اڈّھی جنگ تاں کالی کرنسی دی اے،بندے کُتیاں توں ودھ ہلکان ہوئے
پِچھوں ڈُوم ڈلال دی نسل وچوں،شہریں پہنچ کے شاہ تے خان ہوئے
یورو ڈالر تے پونڈ دے گھول ہوندِن، ٹکے لڑن تے درہم یوآن ہوئے
جہناں کُوڑ کرنسی دی کھیڈ کھیڈی، روز راضی تے روز پریشان ہوئے

ਅੱਧੀ ਜੰਗ ਤਾਂ ਕਾਲ਼ੀ ਕਰੰਸੀ ਦੀ ਏ,ਬੰਦੇ ਕੁੱਤਿਆਂ ਤੋਂ ਵੱਧ ਹਲਕਾਣ ਹੋਏ
ਪਿੱਛੋਂ ਡੂਮ ਡਲਾਲ ਦੀ ਨਸਲ ਵਿਚੋਂ,ਸ਼ਹਿਰੀਂ ਪਹੁੰਚ ਕੇ ਸ਼ਾਹ ਤੇ ਖ਼ਾਨ ਹੋਏ
ਯੂਰੋ ਡਾਲਰ ਤੇ ਪੌਂਡ ਦੇ ਘੋਲ਼ ਹੋਂਦਿਨ, ਟਿਕੇ ਲੜਨ ਤੇ ਦਿਰਸ਼ ਯੂਆਨ ਹੋਏ
ਜਿਹਨਾਂ ਕੂੜ ਕਰੰਸੀ ਦੀ ਖੇਡ ਖੇਡੀ, ਰੋਜ਼ ਰਾਜ਼ੀ ਤੇ ਰੋਜ਼ ਪ੍ਰੇਸ਼ਾਨ ਹੋਏ

84

دم دارُو دعاواں بے اثر ہوئیاں، گل ساری وباواں دے ہتھ آ گئی
وڈے آکھیا مکن دے نیڑ لگّی، نال ای نکے خداواں دے ہتھ آ گئی
پیو مرے تے گئی چیرتج مِٹی، بھوئیں بھیناں بھراواں دے ہتھ آ گئی
ہک دُوجے توں کھوہ کے لبھیا کیہ، ہتھوں نکل بلاواں دے ہتھ آ گئی

ਦਮ ਦਾਰੂ ਦੁਆਵਾਂ ਬੇ ਅਸਰ ਹੋਈਆਂ, ਗੱਲ ਸਾਰੀ ਵਬਾਵਾਂ ਦੇ ਹੱਥ ਆ ਗਈ
ਵੱਡੇ ਆਖਿਆ ਮੁੱਕਣ ਦੇ ਨੇੜ ਲੱਗੀ, ਨਾਲ਼ ਈ ਨਿੱਕੇ ਖ਼ੁਦਾਵਾਂ ਦੇ ਹੱਥ ਗਈ
ਪਿਓ ਮਰੇ ਤੇ ਗਈ ਚੀਰੀਜ ਮਿੱਟੀ, ਭੋਈਂ ਭੈਣਾਂ ਭਰਾਵਾਂ ਦੇ ਹੱਥ ਆ ਗਈ
ਹਿੱਕ ਦੂਜੇ ਤੋਂ ਖੋਹ ਕੇ ਲੱਭਿਆ ਕੀ, ਹੱਥੋਂ ਨਿਕਲ ਬਲਾਵਾਂ ਦੇ ਹੱਥ ਆ ਗਈ

85

ذات پات دی ونڈ دے ہوئے عادی، کم عقلی تے جہل مابین دی اے
ہوناں کُجھ تے بن کجھ ہور باہنا،کمی شرم حیا والے نین دی اے
ہوئے اُمتی رل بہے آل دے نل، پچھے رہ گئی گل کہین دی اے
کسے موئے مراثی دا شاہ بننا، سِدھی لعنت امام حسین دی اے

ਜ਼ਾਤ ਪਾਤ ਦੀ ਵੰਡ ਦੇ ਹੋਏ ਆਦੀ, ਕੰਮ ਅਕਲੀ ਤੇ ਜਿਹਲ ਮਾਬੈਨ ਦੀ ਏ
ਹੋਣਾਂ ਕੁਝ ਤੇ ਬਣ ਕੁੱਝ ਹੋਰ ਬਾਹਨਾ,ਕਮੀ ਸ਼ਰਮ ਹਯਾ ਵਾਲੇ ਨੈਣ ਦੀ ਏ
ਹੋਏ ਉੱਮਤੀ ਰਲ਼ ਬਹੇ ਆਲ ਦੇ ਨਲ਼, ਪਿੱਛੇ ਰਹਿ ਗਈ ਗੱਲ ਕਹੈਣ ਦੀ ਏ
ਕਿਸੇ ਮੋਏ ਮਿਰਾਸੀ ਦਾ ਸ਼ਾਹ ਬਣਨਾ, ਸਿੱਧੀ ਲਾਅਨਤ ਇਮਾਮ ਹੁਸੈਨ ਦੀ ਏ

86

ڈال ڈوم دا جمپ جغادری تے، نال دعویٰ محبت دا آل دے نال
دال دین نیازاں اِعلان کرکے، وچوں خرچہ وی دسنائے کمال دے نال
کسے سید تخلص دا بورڈ لاؤنا، اُتوں شجرہ وی دسنا خیال دے نال
ہونی پرکھ اے عمل مزاج راہیں، کُھل جانی اے بات سوال دے نال

ਡਾਲ਼ ਡੂਮ ਦਾ ਜੰਪ ਜਗ਼ਾਦਰੀ ਤੇ, ਨਾਲ਼ ਦਾਵਾ ਮੁਹੱਬਤ ਦਾ ਆਲ ਦੇ ਨਾਲ਼
ਦਾਲ਼ ਦੇਣ ਨਿਆਜ਼ਾਂ ਇਲਾਨ ਕਰਕੇ, ਵਿਚੋਂ ਖ਼ਰਚਾ ਵੀ ਦਸਨਾਏ ਕਮਾਲ ਦੇ ਨਾਲ਼
ਕਿਸੇ ਸੱਯਦ ਤਖ਼ੱਲੁਸ ਦਾ ਬੋਰਡ ਲਾਉਣਾ, ਉਤੋਂ ਸ਼ਜਰਾ ਵੀ ਦੱਸਣਾ ਖ਼ਿਆਲ ਦੇ ਨਾਲ਼
ਹੋਣੀ ਪਰਖ ਏ ਅਮਲ ਮਿਜ਼ਾਜ਼ ਰਾਹੀਂ, ਖੁੱਲ੍ਹ ਜਾਣੀ ਏ ਬਾਤ ਸਵਾਲ ਦੇ ਨਾਲ਼

87

کیہ کھٹیا ماں پیو بن کے وی، سوہنے لباں تے نِت فریاد ویکھی
جِنّا مرضی چباریاں بھار پایا، خیراں منگدی ہے نِت بنیاد ویکھی
ماپے منگدے خیر اخیر تائیں، چنگی ہووندی گھٹ اولاد ویکھی
جھنوں رب فتنا لکھ چھڈیا ای، تھوڑی ٹھیک تے بہتی برباد ویکھی

ਕੀ ਖੱਟਿਆ ਮਾਂ ਪਿਓ ਬਣ ਕੇ ਵੀ, ਸੋਹਣੇ ਲਬਾਂ ਤੇ ਨਿੱਤ ਫ਼ਰਿਆਦ ਵੇਖੀ
ਜਿੰਨਾ ਮਰਜ਼ੀ ਚੁਬਾਰਿਆਂ ਭਾਰ ਪਾਇਆ, ਖ਼ੈਰਾਂ ਮੰਗਦੀ ਹੈ ਨਿੱਤ ਬੁਨਿਆਦ ਵੇਖੀ
ਮਾਪੇ ਮੰਗਦੇ ਖ਼ੈਰ ਅਖ਼ੀਰ ਤਾਈਂ, ਚੰਗੀ ਹੋਵੰਦੀ ਘੱਟ ਔਲਾਦ ਵੇਖੀ
ਜਿਹਨੂੰ ਰੱਬ ਫ਼ਿਤਨਾ ਲਿਖ ਛੱਡਿਆ ਈ, ਥੋੜੀ ਠੀਕ ਤੇ ਬਹੁਤੀ ਬਰਬਾਦ ਵੇਖੀ

88

جس ساہ تے توں اعتبار کیتا، کدیں غور تاں کر کِویں رُک جاندی
سبھ شان غروب اِچ آ ڈھاندی، جد میکھ تابوت اچ ٹُھک جاندی
جِنی وی پوجا پاپی پیٹ دی کر جان قبر شکنجڑے ٹُھک جاندی
لکھ تخت تے بخت گھمنڈ کریئے گل موت تے آکے مک جاندی

ਜਿਸ ਸਾਹ ਤੇ ਤੂੰ ਇਤਬਾਰ ਕੀਤਾ, ਕਦੀਂ ਗ਼ੌਰ ਤਾਂ ਕਰ ਕਿਵੇਂ ਰੁਕ ਜਾਂਦੀ
ਸਭ ਸ਼ਾਨ ਗ਼ਰੂਬ ਇੱਚ ਆ ਢਾਂਦੀ, ਜਦ ਮੇਖ ਤਾਬੂਤ ਇੱਚ ਠੁਕ ਜਾਂਦੀ
ਜਿੰਨੀ ਵੀ ਪੂਜਾ ਪਾਪੀ ਪੇਟ ਦੀ ਕਰ, ਜਾਣ ਕਬਰ ਸ਼ਿਕੰਕੜੇ ਠੁਕ ਜਾਂਦੀ
ਲੱਖ ਤਖ਼ਤ ਤੇ ਬਖ਼ਤ ਘਮੰਡ ਕਰੀਏ, ਗੱਲ ਮੌਤ ਤੇ ਆ ਮੁੱਕ ਜਾਂਦੀ

89

ہیر آکھیا جوگیا جِیوندیا وے، جیندے قید تے مُردے ازاد ہوے
جھڑے کسے دی آس امید اُتے، رہ جاندے تے ویکھے برباد ہوے
خُشی، سکھ، سواد فریب سارا، سنگ پُتراں پیو بے اولاد ہوے
جنہاں دلاں سُکھائۓ نی سُول سدا، چھاویں درداں دی بیٹھ اباد ہوئے

ਹੀਰ ਆਖਿਆ ਜੋਗੀਆ ਜਿਓਂਦਿਆ ਵੇ, ਜੀਂਦੇ ਕੈਦ ਤੇ ਮੁਰਦੇ ਅਜ਼ਾਦ ਹੋਏ
ਜਿਹੜੇ ਕਿਸੇ ਦੀ ਆਸ ਉਮੀਦ ਉਤੇ, ਰਹਿ ਜਾਂਦੇ ਤੇ ਵੇਖੇ ਬਰਬਾਦ ਹੋਏ
ਖ਼ੁਸ਼ੀ, ਸੁੱਖ, ਸੁਆਦ ਫ਼ਰੇਬ ਸਾਰਾ, ਸੰਗ ਪੁੱਤਰਾਂ ਪਿਓ ਬੇ ਔਲਾਦ ਹੋਏ
ਜਿਨ੍ਹਾਂ ਦਿਲਾਂ ਸੁਖਾਏ ਨੀ ਮੂਲ ਸਦਾ, ਛਾਵੇਂ ਦਰਦਾਂ ਦੀ ਬੈਠ ਅਬਾਦ ਹੋਏ

90

اُٹھ فرحت شاہ چل ٹُر چلیے، کیہ رکھیائے پاکستانے
ساتھوں ہولے ہولے کھوہ لئی اے، ہر شے اِس وطن بیگانے
اسیں رتّ رُنے بھُکھ گل لا کے، کدی اِس کدی اوس بہانے
ہر طاقتور چا رکھی اے، ساڈی آل اولاد نشانے

ਉੱਠ ਫ਼ਰਹਤ ਸ਼ਾਹ ਚੱਲ ਟੁਰ ਚਲੀਏ, ਕੀ ਰਖਿਆਏ ਪਾਕਿਸਤਾਨੇ
ਸਾਥੋਂ ਹੌਲੇ ਹੌਲੇ ਖੋਹ ਲਈ ਏ, ਹਰ ਸ਼ੈ ਇਸ ਵਤਨ ਬੇਗਾਨੇ
ਅਸੀਂ ਰੱਤ ਰੰਨੇ ਭੁੱਖ ਗੱਲ ਲਾ ਕੇ, ਕਦੀ ਉਸ ਕਦੀ ਇਸ ਬਹਾਨੇ
ਹਰ ਤਾਕਤਵਰ ਚਾ ਰੱਖੀ ਏ, ਸਾਡੀ ਆਲ ਔਲਾਦ ਨਿਸ਼ਾਨੇ

90

اُٹھ فرحت شاہ رو پِٹ بہ کے، سانوں درداں رجّ کے کُٹیا
جھڑے راکھے ہن ڈاکو نکلے، اِنج مان تران ہے ٹُٹیا
کِسے رب دے ناں تے قتل کیتا، کِسے ملک دے ناں تے لُٹیا
لئی دال دلال ایجینٹی دی، کر سودا کُھوہ وِچ سُٹیا

ਅੱਠ ਫ਼ਰਹਤ ਸ਼ਾਹ ਰੋ ਪਿੱਟ ਬਹਿ ਕੇ, ਸਾਨੂੰ ਦਰਦਾਂ ਰੱਜਕੇ ਕੁੱਟਿਆ
ਜਿਹੜੇ ਰਾਖੇ ਹਨ ਡਾਕੂ ਨਿਕਲੇ, ਇੰਜ ਮਾਣ ਤਰਾਣ ਹੈ ਟੁੱਟਿਆ
ਕਿਸੇ ਰੱਬ ਦੇ ਨਾਂ ਤੇ ਕਤਲ ਕੀਤਾ, ਕਿਸੇ ਮੁਲਕ ਦੇ ਨਾਂ ਤੇ ਲੁੱਟਿਆ
ਲਈ ਦਾਲ਼ ਦਲਾਲ ਐਜੀਨਟੀ ਦੀ, ਕਰ ਸੌਦਾ ਖੂਹ ਵਿਚ ਸੁੱਟਿਆ

# شاعر

